# ਸਿੱਖ ਇਤਿਹਾਸ ਦੇ ਮੁੱਢਲੇ ਫ਼ਾਰਸੀ ਤੇ ਉਰਦੂ ਸਰੋਤ

ਡਾ. ਜਸਬੀਰ ਸਿੰਘ

www.ggssc.net

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

. Sri Satguru Jagjit Singh Ji eLibrary NamdhariElibrary@gmail.com .

https://archive.org/details/namdhari

# ਸਿੱਖ ਇਤਿਹਾਸ ਦੇ ਮੁੱਢਲੇ ਫ਼ਾਰਸੀ ਤੇ ਉਰਦੂ ਸਰੋਤ

ਡਾ: ਜਸਬੀਰ ਸਿੰਘ

. Sri Satguru Jagjit Singh Ji eLibrary NamdhariElibrary@gmail.com .

**SIKH ITIHAS DE MUDLEY FARSI TE URDU SAROT**

***BY :*** ***Dr. Jasbir Singh©***
***Sant Niwas***
***Mian Mir Nagar, Hamdania Colony-4***
***Bemina, Srinagar-190018 (Kashmir)***
***Mobile : 99065-66604***

***ISBN : 978-81-86741-24-5***

***ਪਹਿਲੀ ਐਡੀਸ਼ਨ : ਨਵੰਬਰ, 2008 (2000)***

**ਛਾਪਕ :** *ਵਿਰਸਾ ਪ੍ਰਿੰਟਰਜ਼, ਲੁਧਿਆਣਾ*

*Published by :*
**Directorate of Publications**
**Guru Gobind Singh Study Circle**
Model Town Exntenion. Ludhiana-141002
Ph : 0161-2450352 Fax : 91-161-4610145
Email : info@ggssc.net

***ਭੇਟਾ : 20/- ਰੁਪਏ***

. Sri Satguru Jagjit Singh Ji eLibrary NamdhariElibrary@gmail.com .

# ਸਮਰਪਣ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

300 ਸਾਲਾ ਗੁਰਤਾ ਗੱਦੀ ਸ਼ਤਾਬਦੀ

ਮਨਾਉਂਦਿਆਂ

ਉਹਨਾਂ ਗੁਰਸਿੱਖ ਰੂਹਾਂ ਨੂੰ

ਜੋ ਇਤਿਹਾਸਕ ਦਸਤਾਵੇਜ਼ਾਂ ਦੀ

ਸੇਵਾ ਸੰਭਾਲ

ਦੇ ਕਾਰਜਾਂ ਲਈ

ਚੇਤੰਨ ਤੇ ਤੱਤਪਰ ਹਨ।

. Sri Satguru Jagjit Singh Ji eLibrary NamdhariElibrary@gmail.com .

# ਤਤਕਰਾ


- ਪ੍ਰਕਾਸ਼ਨ ਮਨੋਰਥ 5
- ਮੁੱਖ ਬੰਦ 8
- ਲੇਖਕ ਵਲੋਂ 10
- ਅੱਖਰਾਂ ਦੀ ਤੁਲਨਾਤਮਕ ਸੂਚੀ 15
- ਸੰਖੇਪ ਚਿੰਨ੍ਹਾਂ ਦੀ ਸੂਚੀ 17
- ਸਿੱਖ ਇਤਿਹਾਸ ਦੇ ਮੁੱਢਲੇ ਫ਼ਾਰਸੀ ਸਰੋਤ 18
- ਸਿੱਖ ਇਤਿਹਾਸ ਦੇ ਮੁੱਢਲੇ ਉਰਦੂ ਸਰੋਤ 46
- ਅੰਤਿਕਾ 70
- ਸਹਾਇਕ ਪੁਸਤਕ-ਸੂਚੀ 73


. Sri Satguru Jagjit Singh Ji eLibrary NamdhariElibrary@gmail.com .

# ਪ੍ਰਕਾਸ਼ਨ ਮਨੋਰਥ

ਪੰਦਰਵੀਂ ਸਦੀ ਦੇ ਪਿਛਲੇ ਅੱਧ ਵਿੱਚ ਵਹਿਮਾਂ ਭਰਮਾਂ, ਪਾਖੰਡਾਂ ਅਤੇ ਮਨਮਤੀ ਕਰਮਾਂ ਵਿੱਚ ਉਲਝ ਕੇ ਲੰਗਾਰ ਹੋ ਚੁੱਕੀ ਮਨੁੱਖਤਾ ਦੀ ਪਾਕਿ ਚਾਦਰ ਨੂੰ ਗੰਢ ਤੁਪ ਕੇ ਨਵਿਆਉਣ ਅਤੇ ਸੁੱਤੇ ਦੇਸ਼ਵਾਸੀਆਂ ਨੂੰ ਜਗਾਉਣ ਦਾ ਇਤਿਹਾਸਕ ਕਾਰਜ ਗੁਰੂ ਨਾਨਕ ਦੇਵ ਜੀ ਨੇ ਕੀਤਾ। ਸਥਾਪਿਤ ਹੋ ਚੁੱਕੇ ਭਰਮ-ਭੁਲੇਖਿਆਂ ਨੂੰ ਤੋੜ ਕੇ ਸਮੁੱਚੀ ਮਨੁੱਖਤਾ ਨੂੰ ਬਰਾਬਰਤਾ ਦਾ ਸਬਕ ਸਿਖਾਉਣਾ ਅਤੇ ਔਰਤ ਨੂੰ ਜਨਣੀ ਦਾ ਸਤਿਕਾਰ ਦਿਵਾਉਣਾ ਭਾਰਤੀ ਇਤਿਹਾਸ ਦਾ ਤੀਖਣ ਮੋੜ ਸੀ। ਦਸ ਜਾਮੇ ਧਾਰਨ ਕਰਕੇ ਸ਼ਮਸ਼ਾਨ ਭੂਮੀ ਦੀ ਰਾਖ ਤੋਂ ਵੀ ਹਲਕੀ ਤੇ ਨਿੱਘਰ ਚੁੱਕੀ ਭਾਰਤ ਵਾਸੀਆਂ ਦੇ ਪੰਜ ਭੂਤਕ ਜਿਸਮਾਂ ਦੀ ਮਿੱਟੀ ਨੂੰ ਜਿਸ ਕਦਰ ਗੁਰੂ ਸਾਹਿਬਾਂ ਨੇ ਉਲੱਦਿਆ ਅਤੇ ਆਪਣੇ ਮਾਤਾ-ਪਿਤਾ, ਸਾਹਿਬਜ਼ਾਦਿਆਂ ਅਤੇ ਜਾਨ ਤੋਂ ਵੀ ਵੱਧ ਪਿਆਰੇ ਹਜ਼ਾਰਾਂ ਸਿੱਖਾਂ ਦੇ ਰੱਤ ਨਾਲ ਸਿੰਜ ਕੇ ਮੋਏ ਸਰੀਰਾਂ ਵਿੱਚ ਨਵੀਂ ਰੂਹ ਫੂਕ ਦਿੱਤੀ ਉਸ ਦਾ ਭਾਰਤ ਵਰਸ਼ ਸਦਾ ਰਿਣੀ ਰਹੇਗਾ।

ਪਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 300 ਸਾਲਾ ਗੁਰਤਾ ਪੁਰਬ ਮਨਾਉਂਦਿਆਂ ਸਾਨੂੰ ਇਸ ਹਕੀਕਤ ਨੂੰ ਪ੍ਰਵਾਨ ਕਰ ਲੈਣਾ ਚਾਹੀਦਾ ਹੈ ਕਿ ਗੌਰਵਮਈ ਵਿਰਸੇ ਦੇ ਵਾਰਸ ਹੁੰਦਿਆਂ ਵੀ ਆਪਣੇ ਇਤਿਹਾਸਕ ਸੋਮਿਆਂ ਨੂੰ ਸੰਭਾਲਣ ਪ੍ਰਤੀ ਜਿਹੜੀ ਖੌਫਨਾਕ ਲਾਪ੍ਰਵਾਹੀ ਅਸੀਂ ਕੀਤੀ ਹੈ ਉਹ ਕਿਸੇ ਕੌਮ ਨੇ ਨਹੀਂ ਕੀਤੀ। ਚੇਤੇ ਰਹੇ ਧਨ ਦੌਲਤ ਖੋਹੀ ਜਾਏ ਤਾਂ ਮੁੜ ਪ੍ਰਾਪਤ ਕੀਤੀ ਜਾ ਸਕਦੀ ਹੈ, ਪਰ ਇਤਿਹਾਸਕ ਖੋਜਾਂ ਅਤੇ ਲਿਖਤਾਂ ਐਸੀ ਦੌਲਤ ਹੁੰਦੀਆਂ ਹਨ ਜੋ ਜੇ ਅਲੋਪ ਹੋ ਜਾਣ ਤਾਂ ਆਉਂਦੀਆਂ ਨਸਲਾਂ ਇਸ ਤੋਂ ਸਦਾ ਲਈ ਮਹਿਰੂਮ ਹੋ ਜਾਂਦੀਆਂ ਹਨ ਅਤੇ ਇਹ ਖ਼ਜ਼ਾਨਾ ਕਿਸੇ ਮੁੱਲ ਵੀ ਪ੍ਰਾਪਤ ਨਹੀਂ ਹੋ ਸਕਦਾ। ਇਤਿਹਾਸ ਕੌਮਾਂ ਦੀ ਜਿੰਦ-ਜਾਨ ਹੁੰਦੈ ਤੇ ਫੇਰ ਉਹ ਇਤਿਹਾਸ ਜਿਹੜਾ ਮੋਈਆਂ ਰੂਹਾਂ ਨੂੰ ਮੁੜ ਜਿਵਾਲਣ ਦੀ ਸਮਰੱਥਾ ਰੱਖਦਾ ਹੋਵੇ ਉਸ ਦੀ ਸੰਭਾਲ ਪ੍ਰਤੀ ਵੀ ਜੇ ਅਵੇਸਲੇ ਹੋ ਜਾਈਏ ਤਾਂ ਇਹ ਭਾਰੀ ਕੁਤਾਹੀ ਹੋਵੇਗੀ।

ਸਾਨੂੰ ਇਹ ਮਾਣ ਹੈ ਕਿ ਸਮਾਜ ਦੀ ਅਜ਼ਾਦੀ ਲਈ ਸਾਨੂੰ ਐਸੀਆਂ ਅਤੇ ਐਨੀਆਂ ਹੈਰਾਨਕੁੰਨ ਕੁਰਬਾਨੀਆਂ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਕਿ ਸਾਡਾ ਹਰ ਪਲ ਇਤਿਹਾਸ ਹੋ ਨਿਬੜਿਆ। ਜੇ ਸਿੱਖਾਂ ਦਾ ਰੋਜ਼ਨਾਮਚਾ ਦੇਖੀਏ ਤਾਂ ਹਰ ਦਿਨ ਸਾਡਾ ਇਤਿਹਾਸਕ ਦਿਹਾੜਾ ਹੈ। ਇਸ ਅਣਮੁੱਲ ਵਿਰਸੇ ਤੋਂ ਠੋਸ ਸੇਧ ਪ੍ਰਾਪਤ ਕਰਨੀ ਤਾਂ ਦੂਰ ਦੀ ਗੱਲ ਹੋ ਗਈ ਅਸੀਂ ਇਸ ਇਤਿਹਾਸ ਨੂੰ ਨਾ ਤਾਂ ਗੁਰਮਤਿ ਦੀ



Sri Satguru Jagjit Singh Ji eLibrary NamdhariElibrary@gmail.com

ਰੋਸ਼ਨੀ ਵਿੱਚ ਕਲਮਬੱਧ ਕਰ ਪਾਏ ਤੇ ਨਾ ਹੀ ਕੋਈ ਵਿਧੀਬੱਧ ਤਰਤੀਬ ਦੇ ਪਾਏ। ਸਾਡਾ ਬਹੁਤਾ ਇਤਿਹਾਸ ਗੈਰਾਂ ਨੇ ਲਿਖਿਆ ਅਤੇ ਲਿਖੇ ਹੋਏ ਮਸਾਲੇ ਵੀ ਅਸੀਂ ਨਾ ਤਾਂ ਸਮੇਂ ਸਿਰ ਪੜ੍ਹੇ ਤੇ ਨਾ ਹੀ ਕਿਸੇ ਇੱਕ ਪੁਸਤਕਾਲੇ ਵਿੱਚ ਸੰਭਾਲੇ ਤੇ ਇਹ ਅਨਮੋਲ ਰਤਨ ਜਿਵੇਂ ਰੇਤ ਵਿੱਚ ਹੀ ਖਿਲਰ ਗਏ।

ਤੇ ਹੁਣ ਕੌਣ ਛਾਣੇ ਇਹ ਰੇਤ? ਇਕ ਸਵਾਲ ਹੀ ਬਣ ਕੇ ਰਹਿ ਗਿਆ। ਇਹ ਚਾਓ 1902 ਈ: ਨੂੰ ਖਾਲਸਾ ਕਾਲਜ, ਅੰਮ੍ਰਿਤਸਰ ਦੇ ਇਕ ਵਿਦਿਆਰਥੀ ਕਰਮ ਸਿੰਘ ਨੂੰ ਆਇਆ ਤੇ ਆਖਿਰ ਇਹ ਚਾਓ ਉਸ ਲਈ ਜਨੂਨ ਹੀ ਬਣ ਗਿਆ। ਇਤਿਹਾਸਕ ਮਸਾਲੇ ਅਤੇ ਦਸਤਾਵੇਜਾਂ ਨੂੰ ਇਕੱਤਰ ਕਰਨ ਅਤੇ ਘੋਖਣ ਲਈ ਆਪਣਾ ਜੀਵਨ ਅਰਪਣ ਕਰ ਦੇਣ ਦਾ ਪ੍ਰਣ-ਪੱਤਰ ਲਿਖ ਕੇ ਉਸ ਨੇ ਭਾਈ ਵੀਰ ਸਿੰਘ ਜੀ ਨੂੰ ਸੌਂਪ ਦਿੱਤਾ। ਆਪਣੇ ਇਸ ਮਿਸ਼ਨ ਦੀ ਪ੍ਰਾਪਤੀ ਲਈ ਇਤਨਾ ਉਤਾਵਲਾ ਹੋਇਆ ਕਿ ਪੜ੍ਹਾਈ ਵੀ ਵਿੱਚ ਹੀ ਛੱਡ ਦਿੱਤੀ ਅਤੇ ਪਿੰਡ ਪਿੰਡ ਜਾ ਕੇ ਇਤਿਹਾਸ ਦੀਆਂ ਪੜਤਾ ਫਰੋਲਣ ਵਿੱਚ ਮਗਨ ਹੋ ਗਿਆ। ਅਨੇਕਾਂ ਹੀ ਬਜ਼ੁਰਗ ਸੱਜਣਾਂ ਨੂੰ ਮਿਲ ਮਿਲ ਕੇ ਉਹਨਾਂ ਵਲੋਂ ਸਿੱਖ ਰਾਜ ਦੀਆਂ ਅੱਖੀਂ ਡਿੱਠੀਆਂ ਘਟਨਾਵਾਂ ਦੀ ਜਾਣਕਾਰੀ ਪ੍ਰਾਪਤ ਕੀਤੀ, ਇਤਿਹਾਸਕ ਦਸਤਾਵੇਜਾਂ ਨੂੰ ਲੱਭਿਆ, ਖੋਜਿਆ ਅਤੇ ਮੱਖੀ 'ਤੇ ਮੱਖੀ ਮਾਰਨ ਦੀ ਥਾਂ ਵਿਗਿਆਨਕ ਲੀਹ 'ਤੇ ਖੋਜ ਦੀ ਨੀਂਹ ਰੱਖੀ। 18ਵੀਂ ਸਦੀ ਦੇ ਇਤਿਹਾਸ ਦੀ ਮਹੱਤਵਪੂਰਨ ਰਚਨਾ 'ਜੰਗਨਾਮਾ-ਕਾਜੀ ਨੂਰ ਮੁਹੰਮਦ' ਨੂੰ ਪ੍ਰਾਪਤ ਕਰਨ ਦੀ ਸੇਵਾ ਵੀ ਉਹਨਾਂ ਨੂੰ ਹੀ ਬਖਸ਼ਿਸ਼ ਹੋਈ ਸੀ। ਉਹਨਾਂ ਦੇ ਲਿਖੇ ਲੇਖਾਂ ਨੇ ਇਤਿਹਾਸਕ ਦਸਤਾਵੇਜਾਂ ਦੀ ਸੰਭਾਲ ਅਤੇ ਘੋਖ ਲਈ ਕੌਮ ਨੂੰ ਹਲੂਣਿਆਂ ਅਤੇ 22 ਦਸੰਬਰ, 1929 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਸ ਸਬੰਧੀ ਵਿਚਾਰ ਵਟਾਂਦਰੇ ਉਪਰੰਤ ਸਿੱਖ ਇਤਿਹਾਸ ਸੁਸਾਇਟੀ ਦਾ ਗਠਨ ਕਰਕੇ ਸ੍ਰ: ਕਰਮ ਸਿੰਘ ਜੀ ਨੂੰ ਇਸ ਦਾ ਸਕੱਤਰ ਬਣਾ ਦਿੱਤਾ ਗਿਆ। ਪਰ 10 ਸਤੰਬਰ, 1930 ਨੂੰ ਅਕਾਲੀ ਸੱਦਾ ਆ ਜਾਣ 'ਤੇ ਆਪ ਜੀ ਦੇ ਸੰਸਾਰ ਤੋਂ ਕੂਚ ਕਰ ਜਾਣ ਕਾਰਨ ਇਹ ਕਾਰਜ ਕਿਸੇ ਜਥੇਬੰਦਕ ਲੀਹ 'ਤੇ ਚੜ੍ਹਨ ਤੋਂ ਪਹਿਲਾਂ ਹੀ ਅੱਧਵਾਟੇ ਰਹਿ ਗਿਆ ਤੇ ਉਪਰੰਤ ਕੌਮ ਨੇ ਵੀ ਨਾ ਤਾਂ ਇਸ ਕਾਰਜ ਦੀ ਮਹਾਨਤਾ ਨੂੰ ਪਛਾਣਿਆ ਤੇ ਨਾ ਹੀ ਕੋਈ ਠੋਸ ਉਪਰਾਲੇ ਹੋਏ।

ਕੋਈ 77 ਵਰ੍ਹੇ ਉਪਰੰਤ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਨੌਜਵਾਨਾਂ ਨੇ ਇਸ ਵਿਸ਼ੇ ਦੀ ਅਹਿਮੀਅਤ ਨੂੰ ਮਹਿਸੂਸਦਿਆਂ ਭਾਈ ਗੁਰਦਾਸ ਰੈਫਰੈਂਸ ਆਰਕਾਈਵਜ਼ ਅਤੇ ਖੋਜ-ਕੇਂਦਰ ਦੀ ਸਥਾਪਨਾ ਕਰਕੇ 3-4 ਫਰਵਰੀ, 2007 ਨੂੰ ਇਕ ਵਿਸ਼ੇਸ਼ ਜਥੇਬੰਦਕ ਕਾਰਜਸ਼ਾਲਾ ਵਿੱਚ ਇਹਨਾਂ ਕਾਰਜਾਂ ਨੂੰ ਲਾਮਬੰਦ ਕਰਨ



. Sri Satguru Jagjit Singh Ji eLibrary NamdhariElibrary@gmail.com .

ਦਾ ਉਪਰਾਲਾ ਕੀਤਾ। ਇਤਿਹਾਸਕ ਦਸਤਾਵੇਜਾਂ ਨੂੰ ਵਿਧੀਬੱਧ ਢੰਗ ਨਾਲ ਸੰਭਾਲਣ ਅਤੇ ਪੁਰਾਤਨ ਇਤਿਹਾਸਕ ਲਿਖਤਾਂ ਦੀ ਖੋਜ ਲਈ ਨੌਜਵਾਨਾਂ ਦਾ ਕਾਫਲਾ ਆਪਣੇ ਰਾਹੇ ਤੁਰ ਪਿਆ। ਇਹਨਾਂ ਕਾਰਜਾਂ ਦੀ ਜਾਣਕਾਰੀ ਕਸ਼ਮੀਰ ਨਿਵਾਸੀ ਡਾ: ਜਸਬੀਰ ਸਿੰਘ ਨੂੰ ਪ੍ਰਾਪਤ ਹੋਈ ਤਾਂ ਉਹਨਾਂ ਆਪਣੀਆਂ ਸੇਵਾਵਾਂ ਅਰਪਨ ਕਰਦਿਆਂ ਸਿੱਖ ਇਤਿਹਾਸ ਨਾਲ ਸੰਬੰਧਿਤ ਉਰਦੂ ਅਤੇ ਫ਼ਾਰਸੀ ਸਰੋਤਾਂ ਦੀ ਸੂਚੀ ਤਿਆਰ ਕਰਨ ਦੇ ਨਾਲ-ਨਾਲ ਉਹਨਾਂ ਲਿਖਤਾਂ ਦੀ ਉਪਲਬਧੀ ਦੀ ਖੋਜ ਕਰਨ ਦੀ ਜ਼ਿੰਮੇਵਾਰੀ ਲਈ ਅਤੇ ਦਿਨ ਰਾਤ ਦੀ ਘਾਲਣਾ ਨਾਲ ਇਹ ਖਰੜਾ ਤਿਆਰ ਕੀਤਾ। ਇਸ ਮਿਹਨਤ ਲਈ ਉਹ ਸੱਚਮੁੱਚ ਵਧਾਈ ਦੇ ਪਾਤਰ ਹਨ ਅਤੇ ਸਾਡੀ ਅਰਦਾਸ ਹੈ ਕਿ ਗੁਰੂ ਸਾਹਿਬ ਉਹਨਾਂ ਦੀ ਕਲਮ ਨੂੰ ਬਖ਼ਸ਼ਿਸ਼ਾਂ ਭਰਪੂਰ ਕਰਕੇ ਵਧੇਰੇ ਸੇਵਾ ਲੈਣ।

ਉਰਦੂ ਅਤੇ ਫ਼ਾਰਸੀ ਦੇ ਵਿਦਵਾਨਾਂ ਨਾਲ ਲੰਬੀਆਂ ਵਿਚਾਰਾਂ ਉਪਰੰਤ ਇਸ ਖਰੜੇ ਨੂੰ ਪੁਸਤਕ ਦੇ ਰੂਪ ਵਿੱਚ ਪ੍ਰਕਾਸ਼ਿਤ ਕਰਦਿਆਂ ਮੈਨੂੰ ਅਤਿਅੰਤ ਖੁਸ਼ੀ ਹੈ। ਇਹ ਪੁਸਤਕ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਭਾਈ ਗੁਰਦਾਸ ਰੈਫਰੈਂਸ ਆਰਕਾਈਵਜ਼ ਅਤੇ ਖੋਜ ਕੇਂਦਰ ਵਲੋਂ ਪ੍ਰਾਰੰਭ ਕੀਤੇ ਗਏ ਕਾਰਜਾਂ ਦੀ ਠੋਸ ਪ੍ਰਾਪਤੀ ਹੈ ਅਤੇ ਸਦਾ ਹੀ ਇਨ੍ਹਾਂ ਕਾਰਜਾਂ ਨੂੰ ਅੱਗੇ ਤੋਰਨ ਲਈ ਹਵਾਲਾ ਦਸਤਾਵੇਜ਼ਾਂ ਵਜੋਂ ਕੰਮ ਆਏਗੀ ਅਤੇ ਖੋਜ ਕਾਰਜਾਂ ਵਿੱਚ ਜੁੱਟੇ ਵਿਦਵਾਨ ਸੱਜਣਾਂ ਲਈ ਵੀ ਲਾਹੇਵੰਦ ਹੋਵੇਗੀ।

**ਡਾ: ਵਰਿੰਦਰਪਾਲ ਸਿੰਘ**
ਨਿਰਦੇਸ਼ਕ
ਪ੍ਰਕਾਸ਼ਨ ਡਾਇਰੈਕਟੋਰੇਟ



. Sri Satguru Jagjit Singh Ji eLibrary NamdhariElibrary@gmail.com .

# ਮੁੱਖ ਬੰਦ

ਸਿੱਖ ਇਤਿਹਾਸ ਉਤਨਾ ਲਿਖਿਆ ਨਹੀਂ ਗਿਆ ਜਿਤਨਾ ਵਿਗਾੜਿਆ ਗਿਆ ਹੈ। ਉਤਨਾ ਸਾਂਭਿਆ ਨਹੀਂ ਗਿਆ ਜਿਤਨਾ ਉਜਾੜਿਆ ਗਿਆ ਹੈ। ਸਿੱਖ ਸਾਹਿਤ ਦਾ ਅਨਮੋਲ ਭੰਡਾਰ ਜੋ ਸ੍ਰੀ ਹਰਿਮੰਦਰ ਸਾਹਿਬ ਦੀ ਲਾਇਬ੍ਰੇਰੀ ਵਿੱਚ ਬੜੀ ਸ਼ਿੱਦਤ ਤੇ ਮਿਹਨਤ ਨਾਲ ਇਕੱਤਰ ਹੋਇਆ ਸੀ, ਜਿਸ ਤਰ੍ਹਾਂ ਗਾਇਬ ਕੀਤਾ ਜਾਂ ਸਾੜਿਆ ਗਿਆ ਹੈ ਉਹ ਇਸ ਉਜਾੜਨ ਵਾਲੀ ਸਾਜਿਸ਼ ਦਾ ਵੱਡਾ ਹਿੱਸਾ ਸਮਝਿਆ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਪਾਕਿਸਤਾਨ ਵਿੱਚੋਂ ਏਧਰ ਉਜੜ ਕੇ ਆਉਣ ਵੇਲੇ ਵੀ ਬਹੁਤ ਵੱਡਾ ਸਿੱਖ ਸਾਹਿਤਕ ਖ਼ਜ਼ਾਨਾ ਪਿੱਛੇ ਰਹਿ ਗਿਆ ਸੀ।

ਸਿੱਖ ਇਤਿਹਾਸ ਨੂੰ ਸੰਭਾਲਣ ਦੇ ਯਤਨ ਟਾਵੇਂ ਟਾਵੇਂ ਹੀ ਨਜ਼ਰ ਆਉਂਦੇ ਹਨ। ਭਾਈ ਸੰਤੋਖ ਸਿੰਘ, ਭਾਈ ਕਾਹਨ ਸਿੰਘ ਨਾਭਾ, ਭਾਈ ਵੀਰ ਸਿੰਘ, ਡਾ: ਬਲਬੀਰ ਸਿੰਘ ਆਪਣੀ ਆਪਣੀ ਲੋੜ ਮੁਤਾਬਕ ਸਿੱਖ ਇਤਿਹਾਸ ਤੇ ਦਸਤਾਵੇਜਾਂ ਨੂੰ ਸੰਭਾਲਦੇ ਰਹੇ ਜਿਨ੍ਹਾਂ ਵਿੱਚੋਂ ਹੁਣ ਕਈ ਗਾਇਬ ਹੋ ਚੁੱਕੇ ਹਨ। ਭਾਈ ਤਖ਼ਤ ਸਿੰਘ ਫਿਰੋਜ਼ਪੁਰ ਵਾਲਿਆਂ ਨੇ ਆਪਣੀ ਲਾਇਬ੍ਰੇਰੀ ਵਿੱਚ ਬੜੀਆਂ ਮਹੱਤਵਪੂਰਨ ਪੁਸਤਕਾਂ ਇਕੱਠੀਆਂ ਕੀਤੀਆਂ। ਇਨ੍ਹਾਂ ਵਿਚੋਂ ਕਈ ਕਿਤਾਬਾਂ ਪੰਜਾਬੀ ਯੂਨੀਵਰਸਿਟੀ ਵਿੱਚ ਸੰਭਾਲੀਆਂ ਪਈਆਂ ਹਨ ਪਰ ਕਈ ਦਸਤਾਵੇਜ ਗਾਇਬ ਹੋ ਗਏ ਹਨ। ਉਨ੍ਹਾਂ ਦੀ ਰਹਿਨੁਮਾਈ ਵਿੱਚ ਸ੍ਰ: ਕਰਮ ਸਿੰਘ ਹਿਸਟੋਰੀਅਨ ਨੇ ਸਿੱਖ ਦਸਤਾਵੇਜਾਂ ਨੂੰ ਸੰਭਾਲਣ ਵਿੱਚ ਵੱਡਾ ਭਾਰਾ ਯੋਗਦਾਨ ਪਾਇਆ। ਇਸ ਪਿਛੋਂ ਡਾ: ਗੰਡਾ ਸਿੰਘ ਨੇ ਸਥਾਪਿਤ ਤੌਰ 'ਤੇ ਦਸਤਾਵੇਜ਼ਾਂ ਇਕੱਠੀਆਂ ਕੀਤੀਆਂ। ਸ੍ਰ: ਸ਼ਮਸ਼ੇਰ ਸਿੰਘ ਅਸ਼ੋਕ, ਭਾਸ਼ਾ ਵਿਭਾਗ ਪੰਜਾਬ ਤੇ ਸਟੇਟ ਲਾਇਬ੍ਰੇਰੀ ਪਟਿਆਲਾ ਵਿੱਚ ਵੀ ਕਾਫੀ ਦਸਤਾਵੇਜ਼ਾਂ ਇਕੱਠੀਆਂ ਹੋਈਆਂ। ਵੱਖ ਵੱਖ ਯੂਨੀਵਰਸਿਟੀਆਂ ਵਿੱਚ ਵੀ ਵਿਦਵਾਨਾਂ ਨੇ ਇਸ ਸਬੰਧੀ ਉਪਰਾਲੇ ਕੀਤੇ ਪਰ ਠੋਸ ਕਾਰਜ ਅਜੇ ਹੋਣੇ ਬਾਕੀ ਹਨ।

ਹੁਣ ਡਾ: ਜਸਬੀਰ ਸਿੰਘ ਨੇ ਪੁਰਾਤੰਨ ਲਿਖਤਾਂ ਦੀ ਸੂਚੀ ਤਿਆਰ ਕੀਤੀ ਹੈ ਜੋ ਫ਼ਾਰਸੀ ਤੇ ਉਰਦੂ ਲਿਖਤਾਂ ਬਾਰੇ ਹੈ। ਸਮਕਾਲੀ ਸਿੱਖ ਇਤਿਹਾਸ ਲਿਖਣ ਦਾ ਸਿਲਸਿਲੇਵਾਰ ਕਾਰਜ ਬੜਾ ਘੱਟ ਮਿਲਦਾ ਹੈ ਜਿਸ ਵਿੱਚੋਂ ਜ਼ਿਆਦਾਤਰ ਉਰਦੂ ਤੇ ਫ਼ਾਰਸੀ ਲਿਖਾਰੀਆਂ ਨੇ ਕੀਤਾ ਜੋ ਜਾਂ ਤਾਂ ਸ਼ਾਹੀ ਰਿਕਾਰਡਾਂ ਨਾਲ ਸਬੰਧਤ ਸਨ ਤੇ ਜਾਂ ਸ਼ਾਹੀ ਘਟਨਾਵਾਂ ਨੂੰ ਬੜੀ ਨੇੜੇ ਤੋਂ ਦੇਖ ਸਕਦੇ ਸਨ। ਸਿੱਖ ਆਪ ਖੁੱਦ ਯੁੱਧਾਂ ਵਿੱਚ ਉਲਝੇ ਰਹਿਣ ਕਰਕੇ ਸਿਲਸਿਲੇਵਾਰ ਇਤਿਹਾਸ ਲਿਖਣੋਂ ਅਸਮਰਥ ਰਹੇ। ਗੁਰੂ ਗੋਬਿੰਦ ਸਿੰਘ ਜੀ ਨੇ 52 ਕਵੀਆਂ ਤੋਂ ਕਾਫੀ ਰਚਨਾਵਾਂ ਤਿਆਰ ਕਰਵਾਈਆਂ



Sri Satguru Jagjit Singh Ji eLibrary NamdhariElibrary@gmail.com

ਪਰ ਇਹਨਾਂ ਵਿੱਚੋਂ ਜ਼ਿਆਦਾਤਰ ਅਨੰਦਪੁਰ ਸਾਹਿਬ ਤੋਂ ਨਿਕਲਣ ਵੇਲੇ ਸਰਸਾ ਨਦੀ ਦੀ ਭੇਟ ਹੋ ਗਈਆਂ। ਸੋ ਗੁਰੂ ਸਾਹਿਬ ਤੇ ਉਨ੍ਹਾਂ ਤੋਂ ਪਿਛਲੇ ਇਤਿਹਾਸ ਦੇ ਮੁੱਖ ਸੋਮੇ ਉਰਦੂ ਤੇ ਫ਼ਾਰਸੀ ਦੇ ਹੀ ਰਹਿ ਗਏ। ਉਰਦੂ ਫ਼ਾਰਸੀ ਸਰਕਾਰੀ ਭਾਸ਼ਾ ਹੋਣ ਕਰਕੇ ਹਿੰਦੁਸਤਾਨੀ ਵੀ ਉਰਦੂ ਫ਼ਾਰਸੀ ਵਿੱਚ ਲਿਖਣ ਦੇ ਅਭਿਆਸੀ ਹੋ ਗਏ। ਇਸ ਤਰ੍ਹਾਂ ਵਿਦੇਸ਼ੀ ਤੇ ਹਿੰਦੁਸਤਾਨੀ ਲਿਖਾਰੀ ਜ਼ਿਆਦਾਤਰ ਉਰਦੂ ਤੇ ਫ਼ਾਰਸੀ ਵਿੱਚ ਇਹਿਤਾਸ ਲਿਖਦੇ ਰਹੇ। ਗੁਰਮੁਖੀ ਤਾਂ ਕੁੱਝ ਡੇਰਿਆਂ ਤੱਕ ਹੀ ਸੀਮਿਤ ਰਹਿ ਗਈ ਸੀ ਜਿਨ੍ਹਾਂ ਵਿੱਚ ਅਧਿਆਤਮਕਤਾ ਨੂੰ ਪਹਿਲ ਦਿੱਤੀ ਜਾਂਦੀ ਸੀ ਤੇ ਇਤਿਹਾਸ ਨੂੰ ਗੌਲਿਆ ਨਹੀਂ ਸੀ ਜਾਂਦਾ। ਇਸ ਲਈ ਮੌਜੂਦਾ ਸਮੇਂ ਪੰਦਰਵੀਂ ਤੋਂ ਅਠ੍ਹਾਰਵੀਂ ਸਦੀ ਦਾ ਸਿੱਖ ਇਤਿਹਾਸ ਬੜਾ ਘੱਟ ਲਿਖਿਆ ਮਿਲਦਾ ਹੈ।

ਡਾ: ਜਸਬੀਰ ਸਿੰਘ ਸਿੱਖ ਧਰਮ ਬਾਰੇ ਖੋਜ ਕਰਨ ਲਈ ਇਕ ਜਾਣਿਆ ਪਛਾਣਿਆ ਨਾਮ ਹੈ। ਜੰਮੂ-ਕਸ਼ਮੀਰ ਦੀ ਧਰਤੀ ਤੋਂ ਮਿਲੀ ਵਿਲੱਖਣਤਾ ਸਦਕਾ ਉਹ ਸਿੱਖੀ ਬਾਰੇ ਨਵੇਂ ਰਾਹ ਖੋਜਣ ਵਿੱਚ ਤੇ ਸਥਾਪਿਤ ਰਾਹਾਂ ਉਪਰ ਨਵੇਂ ਢੰਗ ਵਰਤਣ ਲਈ ਪਰਬੀਣ ਹੈ। ਜੰਮੂ-ਕਸ਼ਮੀਰ ਵਿੱਚ ਗੁਰੂ ਸਾਹਿਬਾਨ ਬਾਰੇ ਉਸ ਦੀਆਂ ਖੋਜ ਭਰਪੂਰ ਰਚਨਾਵਾਂ, ਗੁਰੂ ਗ੍ਰੰਥ ਸਾਹਿਬ ਵਿੱਚ ਜੀਵ-ਜੰਤੂ ਤੇ ਪੌਦਿਆਂ ਆਦਿ ਦੀ ਜਾਣਕਾਰੀ ਮੌਲਿਕ ਖੋਜਾਂ ਕਿਸੇ ਪਛਾਣ ਦਾ ਮੁਥਾਜ ਨਹੀਂ। ਹੁਣ ਡਾ: ਜਸਬੀਰ ਸਿੰਘ ਨੇ ਸਿੱਖ ਇਤਿਹਾਸ ਤੇ ਸਭਿਆਚਾਰ ਦੇ ਉਰਦੂ ਫ਼ਾਰਸੀ ਸ੍ਰੋਤਾਂ ਦੀ ਸੂਚੀ ਤਿਆਰ ਕਰਕੇ ਇਕ ਬੜਾ ਮਹੱਤਵਪੂਰਨ ਕਾਰਜ ਕੀਤਾ ਹੈ ਜਿਸ ਨਾਲ ਸਿੱਖ ਇਤਿਹਾਸ ਤੇ ਸਭਿਆਚਾਰ ਦੇ ਖੋਜੀਆਂ ਨੂੰ ਬੜੀ ਮਦਦ ਮਿਲੇਗੀ।

ਸਿੱਖ ਇਤਿਹਾਸ ਤੇ ਸਭਿਆਚਾਰ ਦੇ ਖੋਜੀਆਂ ਲਈ ਇਹ ਸੂਚੀ ਤਾਂ ਲਾਹੇਵੰਦੀ ਹੈ ਹੀ, ਹਰ ਯੂਨੀਵਰਸਿਟੀ ਤੇ ਖੋਜ ਕੇਂਦਰ ਲਈ ਵੀ ਇਹ ਬੜੀ ਫਾਇਦੇਮੰਦ ਹੋਏਗੀ।

**ਕਰਨਲ (ਡਾ:) ਦਲਵਿੰਦਰ ਸਿੰਘ**
ਡਾਇਰੈਕਟਰ ਪ੍ਰਿੰਸੀਪਲ,
ਭਾਈ ਮਹਾਂ ਸਿੰਘ ਕਾਲਜ ਆਫ਼ ਇੰਜੀ:, ਮੁਕਤਸਰ



. Sri Satguru Jagjit Singh Ji eLibrary NamdhariElibrary@gmail.com .

# ਲੇਖਕ ਵਲੋਂ

ਇਤਿਹਾਸ ਨਿਰੋਲ ਸੱਚਾਈ ਦਾ ਅਜਿਹਾ ਪਾਂਧੀ ਹੈ ਜੋ ਬੀਤੀਆਂ ਘਟਨਾਵਾਂ ਦੀ ਬੁਝੱਕੀ ਮੋਢੇ 'ਤੇ ਚੁੱਕ ਭਰੋਸੇਯੋਗ ਗਵਾਹੀਆਂ ਦਾ ਲਿਬਾਸ ਪਹਿਨ ਕੇ ਮੰਜ਼ਿਲਾਂ ਦੀਆਂ ਪੈੜਾਂ ਸਿਰਜ ਜਾਂਦਾ ਹੈ। ਸਿੱਖ ਇਤਿਹਾਸ ਸਮੇਂ ਸਮੇਂ ਕੁਰਬਾਨੀਆਂ ਦੀ ਧਰਾਤਲ 'ਤੇ ਤੁਰਦਾ ਸ਼ਹੀਦੀ ਪਰਤਾਂ ਦੇ ਬੀਜ ਬੀਜਦਾ ਤਵਾਰੀਖ ਦਾ ਲਕਸ਼ ਬਣ ਕੇ ਉਗਿਆ ਹੈ।

ਭਾਵੇਂ ਨਿਰੋਲ ਇਤਿਹਾਸ ਲਿਖਣ ਦੀ ਪਿਰਤ ਮੁਸਲਮਾਨ ਵਿਦਵਾਨਾਂ ਨੇ ਸ਼ੁਰੂ ਕੀਤੀ ਪਰ ਦੂਜਿਆਂ ਨੇ ਵੀ ਉਹਨਾਂ ਦੇ ਮਗਰ ਤੁਰਨਾ ਸ਼ੁਰੂ ਕੀਤਾ। ਪ੍ਰਾਰੰਭ ਤੋਂ ਹੀ ਸਿੱਖ, ਜ਼ੁਲਮ ਦੇ ਖ਼ਾਤਮੇ ਲਈ ਹਥਿਆਰਬੰਦ ਜੰਗਾਂ/ਯੁੱਧਾਂ ਵਿੱਚ ਜ਼ਿੰਦਗੀ ਤੇ ਮੌਤ ਦੀਆਂ ਲੜਾਈਆਂ ਲੜਦੇ ਰਹੇ ਸਨ। ਆਪਣੇ ਇਤਿਹਾਸ ਜਾਂ ਘਟਨਾਵਾਂ ਨੂੰ ਕਲਮਬੰਦ ਕਰਨ ਦਾ ਉਹਨਾਂ ਕੋਲ ਸਮਾਂ ਹੀ ਕਿਥੇ ਸੀ? ਬਹਾਦਰ ਸ਼ਾਹ ਬਾਦਸ਼ਾਹ ਦਾ 10 ਦਸੰਬਰ 1710 ਈ:[1] ਦਾ ਹੁਕਮ ਕਿ ਸਿੱਖਾਂ ਨੂੰ ਨੇਸਤੋ-ਨਾਬੂਦ ਕਰ ਦੇਵੋ ਅਤੇ 5 ਮਾਰਚ, 1716 ਈ:[2] ਦਾ ਹੁਕਮ ਵੀ ਇਸੇ ਲੜੀ ਦੀ ਦੂਜੀ ਕੜੀ ਸੀ।

ਸਿੱਖਾਂ ਬਾਰੇ ਜੋ ਵੀ ਪਹਿਲੀ ਵਾਰ ਲਿਖਿਆ ਗਿਆ, ਉਹ ਫ਼ਾਰਸੀ ਅਤੇ

---

(1) "December 10, 1710 Sunday

The Emperor asked Bakhshi-ul-Mumalik Mahabat Khan that under his name orders should be issued to the fanjdars around shahjahanabad that wherever the Nanak-worshippers be found they should be murdered."

*(Akhbar-i-Darbar-i-Mualla)*
*The Punjab past and present, Pbi. Uni., Patiala, Vol. XVIII-II, oct 1984, P : 49*

(2) "March 5, 1716 Monday

"..... A was submitted to the emperor that Sarbarah Khan Kotwal killed one hundred companions of the rebel Guru (Banda Singh) in front of the platform of the Kotwali. The emperor ordered that one hundred men be murdered everyday and they should be free from this massacre in a weeks time."

*(Akhbar-i-Darbar-i-Mualla)*
*(op.cit, P. 161)*



. Sri Satguru Jagjit Singh Ji eLibrary NamdhariElibrary@gmail.com .

ਉਰਦੂ ਲਿਖਤਾਂ ਵਿੱਚ ਸਾਂਭਿਆ ਗਿਆ ਹੈ। ਇਹ ਲਿਖਤਾਂ ਹਿੰਦੁਸਤਾਨ, ਪਾਕਿਸਤਾਨ, ਅਫ਼ਗਾਨਿਸਤਾਨ, ਇੰਗਲੈਂਡ, ਯੂਰਪ ਜਾਂ ਹੋਰ ਦੇਸ਼ਾਂ ਵਿੱਚ ਪਈਆਂ ਹਨ। ਸਵਰਗਵਾਸੀ ਸ੍ਰ: ਕਰਮ ਸਿੰਘ ਜੀ ਹਿਸਟੋਰੀਅਨ ਅਤੇ ਡਾ: ਗੰਡਾ ਸਿੰਘ ਜੀ ਨੇ ਇਨ੍ਹਾਂ ਲਿਖਤਾਂ ਨੂੰ ਇਕੱਠਾ ਕਰਨ ਦਾ ਕੰਮ ਵੀ ਸ਼ੁਰੂ ਕੀਤਾ ਸੀ।

***ਇਬਨ-ਅਲ-ਨਦੀਮ*** ਨੂੰ ਪੁਸਤਕ-ਸੂਚੀ ਦਾ ਪਿਤਾਮਾ ਆਖਿਆ ਜਾਂਦਾ ਹੈ, ਜਿਸ ਨੇ ਸਭ ਤੋਂ ਪਹਿਲਾਂ ਪੁਸਤਕ-ਸੂਚੀ ਦਾ ਮੁੱਢ 988 ਈ: ਵਿੱਚ ਬੰਨਿਆ। ਇਸ ਕੁਤਬਫ਼ਰੋਸ਼ ਨੇ ਜੋ ਪੁਸਤਕ-ਸੂਚੀਆਂ ਦੀ ਫ਼ਿਰਿਸਤ 988 ਈ: ਵਿੱਚ ਇਕੱਠੀ ਕੀਤੀ ਉਹ ਅਰਬੀ ਸਾਹਿਤ ਦੀ ਸੀ ਪਰ ਬਦਕਿਸਮਤੀ ਨਾਲ ਉਹ ਸਾਰਾ ਕੁੱਝ ਗਵਾਚ ਗਿਆ। ਜਦੋਂ ਹਲਾਕੂ ਖਾਨ ਨੇ ਬਗਦਾਦ ਨੂੰ ਤਬਾਹ ਤੇ ਬਰਬਾਦ ਕੀਤਾ ਤਾਂ ਉਸ ਦੇ ਆਦਮੀਆਂ ਨੇ ਹਰ ਘਰ ਅਤੇ ਕੁਤਬਖਾਨਿਆਂ ਨੂੰ ਸਾੜ ਕੇ ਸਵਾਹ ਕਰ ਦਿੱਤਾ, ਜਿਸ ਦੇ ਫਲਸਰੂਪ ਦਜ਼ਲਾ ਦਰਿਆ ਦਾ ਪਾਣੀ ਪੁਸਤਕਾਂ ਦੀ ਰਾਖ ਕਾਰਨ ਕਾਲਾ ਹੋ ਗਿਆ। ਸਮੇਂ ਦੇ ਗੁਜ਼ਰਨ ਨਾਲ ਹਾਜੀ ਖਲੀਫ਼ਾ ਨੇ ਚਾਰ ਭਾਗ ਪੁਸਤਕ-ਸੂਚੀਆਂ ਦੇ ਤਿਆਰ ਕੀਤੇ ਅਤੇ ਉਸ ਤੋਂ ਬਾਅਦ ਆਗਾ ਮੁਹਸਨ ਤਰਾਨੀ ਨੇ ਉਸ ਦੇ ਕੰਮ ਨੂੰ ਅੱਗੇ ਤੋਰਿਆ।

15ਵੀਂ ਸਦੀ ਦੇ ਅਖ਼ੀਰ ਤੇ ਵਿਵਰਣਾਤਮਕ ਪੁਸਤਕ-ਸੂਚੀਆਂ ਤਿਆਰ ਕਰਨ ਦੀ ਸ਼ੁਰੂਆਤ ਹੋਈ। ਜੋਨ ਤਰਾਇਥੰਮ ਨੇ ਪਹਿਲੀ ਵੇਰ ਅੰਗ੍ਰੇਜ਼ੀ ਪੁਸਤਕ-ਸੂਚੀ 1494 ਈ: ਵਿੱਚ ਤਿਆਰ ਕੀਤੀ। ਉਸ ਤੋਂ ਮਗਰੋਂ ਵੱਖ-ਵੱਖ ਪੁਸਤਕ-ਸੂਚੀਆਂ ਲਗਾਤਾਰ ਤਿਆਰ ਹੁੰਦੀਆਂ ਰਹੀਆਂ। ਜੇ.ਐਫ. ਫਲੰਮਹਾਰਡ ਨੇ ਪਹਿਲੀ ਵੇਰ ਅੰਗ੍ਰੇਜ਼ੀ ਵਿੱਚ ਪੰਜਾਬੀ ਕਿਤਾਬਾਂ ਅਤੇ ਲਿਖਤਾਂ ਦੀ ਪੁਸਤਕ-ਸੂਚੀ ਤਿਆਰ ਕੀਤੀ ਅਤੇ ਉਸ ਨੂੰ ਬ੍ਰਿਟਿਸ਼ ਅਜਾਇਬ ਘਰ ਅਤੇ ਇੰਡੀਆ ਆਫ਼ਿਸ ਲੰਡਨ ਵਿੱਚ ਸੁਰੱਖਿਅਤ ਕਰਕੇ ਪ੍ਰਕਾਸ਼ਿਤ ਕੀਤਾ, ਜਿਸ ਦਾ ਸਿਰਲੇਖ ਕੈਟਾਲਾਗਜ਼ 1893 ਅਤੇ 1899 ਰੱਖਿਆ ਅਤੇ ਬਾਅਦ ਵਿੱਚ 1902 ਅਤੇ 1977 ਵਿੱਚ ਸੰਖੇਪ ਕੀਤਾ। ਇਹ ਪੁਸਤਕ-ਸੂਚੀਆਂ ਬਾਅਦ ਵਿੱਚ ਹਿੰਦੀ, ਪੰਜਾਬੀ, ਸਿੰਧੀ ਅਤੇ ਪਸ਼ਤੋ ਪੁਸਤਕਾਂ ਇਕੱਠੀਆਂ ਕਰਕੇ ਬ੍ਰਿਟਿਸ਼ ਅਜਾਇਬ ਘਰ ਲੰਡਨ ਦੀ ਲਾਇਬ੍ਰੇਰੀ ਵਿੱਚ ਸੀ.ਸਕਲੇ ਨੇ 1983 ਵਿੱਚ ਸੰਪੂਰਨ ਕੀਤੀਆਂ। ਜਾਰਜ ਗ੍ਰਿਰਸਨ ਨੇ 1906 ਵਿੱਚ ਪੰਜਾਬੀ ਪੁਸਤਕ-ਸੂਚੀ ਤਿਆਰ ਕੀਤੀ ਜੋ 1916 ਵਿੱਚ ਪ੍ਰਕਾਸ਼ਿਤ ਹੋਈ।

ਪੰਜਾਬੀ ਲਿੱਖਤਾਂ, ਜੋ ਅਮਰੀਕਾ, ਰੂਸ ਅਤੇ ਯੂਰਪੀਨ ਕੁਤਬਖਾਨਿਆਂ ਵਿੱਚ ਮੌਜੂਦ ਸਨ, ਨੂੰ 1971 ਵਿੱਚ ਜੇ.ਡੀ. ਪਰਸਨ ਨੇ ਸੰਕਲਿਤ ਕੀਤਾ। ਪਾਕਿਸਤਾਨ ਦੇ ਕੁਤਬਖਾਨਿਆਂ, ਜੋ ਲਾਹੌਰ ਵਿੱਚ ਹਨ, ਉਰਦੂ ਵਿੱਚ ਸ਼ਹਿਜ਼ਾਦ ਬੁਖਾਰੀ ਨੇ



. Sri Satguru Jagjit Singh Ji eLibrary NamdhariElibrary@gmail.com .

ਆਪਣੇ ਥੀਸਸ (ਸ਼ੋਧ ਪ੍ਰਬੰਧ) 1972 ਵਿੱਚ ਜ਼ਿਕਰ ਕੀਤਾ। ਫਿਰ ਐਸ਼ ਬਸ਼ੀਰ ਹੁਸੈਨ ਨੇ 1972-73 ਅਤੇ ਸ਼ਹਿਬਾਜ਼ ਮਲਕ ਨੇ 'ਖੋਜ' ਦੇ 1982 ਦੇ ਅੰਕ ਵਿੱਚ ਸੰਪੂਰਣ ਕੀਤਾ। ਇਕ ਹੋਰ ਮਹੱਤਵਪੂਰਣ ਸੂਚੀ-ਪੱਤਰ ਅਣਵੰਡੇ ਪੰਜਾਬ ਦੀ ਪੰਜਾਬ ਪਬਲਿਕ ਲਾਇਬ੍ਰੇਰੀ ਲਾਹੌਰ ਵਿੱਚ 1946 ਨੂੰ 'ਪੰਜਾਬੀ ਪੁਸਤਕਾਂ ਦਾ ਸੰਪੂਰਣ ਸੂਚੀ-ਪੱਤਰ' ਨਾਂ ਹੇਠ ਪ੍ਰਕਾਸ਼ਿਤ ਹੋਇਆ। ਪੰਜਾਬੀ ਪੁਸਤਕਾਂ ਦਾ ਸੂਚੀ-ਪੱਤਰ ਜੋ ਪਾਕਿਸਤਾਨ ਵਿੱਚ ਪ੍ਰਕਾਸ਼ਿਤ ਹੋਇਆ, ਉਸ ਨੂੰ ਪੰਜਾਹ ਸਿਰਲੇਖਾਂ ਹੇਠ 'ਪੰਜਾਬੀ ਕਿਤਾਬਾਂ' (1977) ਹੇਠ ਵਿਦਵਾਨ ਲੇਖਕ ਸਿੱਬਤਲ ਹਸਨ ਜ਼ੇਗਮ ਨੇ ਤਰਤੀਬ ਦਿੱਤਾ। ਇਕ ਹੋਰ ਸੂਚੀ-ਪੱਤਰ 'ਖੋਜ-ਦਰਪਣ' (1978, 1983) ਵਿੱਚ ਸ਼ਹਿਬਾਜ਼ ਮਲਕ ਨੇ ਛਪਵਾਇਆ। 1935 ਵਿੱਚ ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ ਨੇ ਪੰਜਾਬੀ ਪੁਸਤਕਾਂ ਅਤੇ ਹੱਥ-ਲਿਖਤਾਂ ਦਾ ਸੂਚੀ-ਪੱਤਰ ਪ੍ਰਕਾਸ਼ਿਤ ਕੀਤਾ। ਡਾ: ਗੰਡਾ ਸਿੰਘ ਜੀ ਨੇ ਪੰਜਾਬੀ ਪੁਸਤਕਾਂ ਦੀ ਸੂਚੀ, ਜੋ ਪੰਜਾਬ ਇਤਿਹਾਸ ਅਤੇ ਸਿੱਖਾਂ ਨਾਲ ਸਬੰਧਤ ਸੀ 'ਸਿੱਖ ਇਤਿਹਾਸ ਵਲ' (1946) ਛਾਪੀ। ਇਸੇ ਤਰ੍ਹਾਂ 1965 ਅਤੇ 1966 ਵਿੱਚ ਪੁਸਤਕ-ਸੂਚੀਆਂ ਤਿਆਰ ਕੀਤੀਆਂ। ਪੰਜਾਬੀ ਵਿਭਾਗ, ਪਟਿਆਲਾ ਨੇ ਸਾਰੀਆਂ ਪੰਜਾਬੀ ਪੁਸਤਕਾਂ ਦੀ ਸੂਚੀ 1953 ਵਿੱਚ ਸ੍ਰ: ਸ਼ਮਸ਼ੇਰ ਸਿੰਘ ਅਸ਼ੋਕ ਕੋਲੋਂ ਤਿਆਰ ਕਰਵਾਈ ਅਤੇ ਨਾਂ 'ਪੰਜਾਬੀ ਪ੍ਰਕਾਸ਼ਨਾਵਾਂ ਦੀ ਸੂਚੀ' ਰੱਖਿਆ, ਜਿਸ ਵਿੱਚ 5000 ਪੁਸਤਕਾਂ, 42 ਵਿਸ਼ਿਆਂ ਹੇਠ, 1500 ਲੇਖਕਾਂ ਬਾਰੇ ਜਾਣਕਾਰੀ ਦਿੱਤੀ ਹੈ। ਇਹ ਸਾਰੀਆਂ ਪੁਸਤਕਾਂ 1845-1953 ਵਿਚਲੇ ਸਮੇਂ ਨਾਲ ਸਬੰਧਿਤ ਸਨ। ਇਸ ਸੂਚੀ ਦਾ ਵੱਡ ਅਕਾਰੀ ਭਾਗ ਸ੍ਰ: ਗੁਰਨਾਮ ਸਿੰਘ ਆਦਿ ਨੇ 1971 ਵਿੱਚ ਤਿਆਰ ਕੀਤਾ ਜਿਸ ਵਿੱਚ 12,000 ਪੁਸਤਕਾਂ ਦਾ ਵਰਨਣ ਹੈ ਅਤੇ ਇਸ ਨੂੰ ਭਾਸ਼ਾ ਵਿਭਾਗ ਪੰਜਾਬ ਨੇ ਛਾਪਿਆ। ਇਸੇ ਦਾ ਇਕ ਛੋਟਾ ਭਾਗ 'ਪੰਜਾਬੀ ਪੁਸਤਕ ਕੋਸ਼' ਤਿਆਰ ਹੋਇਆ। ਸ੍ਰ: ਸ਼ਮਸ਼ੇਰ ਸਿੰਘ ਅਸ਼ੋਕ ਨੇ ਭਾਸ਼ਾ ਵਿਭਾਗ ਪੰਜਾਬ ਵਲੋਂ ਦੋ ਭਾਗਾਂ ਵਿੱਚ 1961 ਅਤੇ 1963 ਵਿੱਚ ਵਿਵਣਾਤਮਕ ਸੂਚੀ-ਪੱਤਰ 'ਪੰਜਾਬੀ ਹੱਥ ਲਿਖਤਾਂ ਦੀ ਸੂਚੀ' ਤਿਆਰ ਕੀਤੀ, ਜਿਸ ਵਿੱਚ 1500 ਹੱਥ-ਲਿਖਤਾਂ (ਕੇਵਲ ਭਾਰਤੀ ਪੰਜਾਬ) ਦੀ ਨਿਸ਼ਾਨਦਹੀ ਕੀਤੀ ਗਈ ਸੀ। ਇਸੇ ਤਰ੍ਹਾਂ ਅੰਮ੍ਰਿਤਸਰ ਵਿੱਚ ਸਿੱਖ ਰੈਫਰੈਂਸ ਲਾਇਬ੍ਰੇਰੀ, ਖਾਲਸਾ ਕਾਲਜ ਲਾਇਬ੍ਰੇਰੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ ਵਿਚਲੀਆਂ ਪੁਸਤਕ-ਸੂਚੀਆਂ ਕ੍ਰਮਵਾਰ ਭਾਈ ਰਣਧੀਰ ਸਿੰਘ, ਸ੍ਰ: ਸ਼ਮਸ਼ੇਰ ਸਿੰਘ ਅਸ਼ੋਕ, ਨਵਜੋਤ ਕੌਰ ਅਤੇ ਕਿਰਪਾਲ ਸਿੰਘ ਨੇ ਤਰਤੀਬ ਦਿੱਤੀਆਂ। ਇਹੋ ਜਿਹੀਆਂ ਸੂਚੀਆਂ ਸਿੱਖ ਹਿਸਟਰੀ ਸੁਸਾਇਟੀ ਅਤੇ ਸਿੱਖ ਹਿਸਟਰੀ ਰਿਸਰਚ ਬੋਰਡ ਪਟਿਆਲਾ ਨੇ ਵੀ ਪ੍ਰਕਾਸ਼ਿਤ ਕੀਤੀਆਂ।



. Sri Satguru Jagjit Singh Ji eLibrary NamdhariElibrary@gmail.com .

'ਪੰਜਾਬੀ ਅਲੋਚਨਾ ਸਾਹਿਤ ਸੂਚੀ' ਸ੍ਰ: ਹਾਕਮ ਸਿੰਘ ਅਤੇ ਸ੍ਰ: ਅਮਰ ਸਿੰਘ ਨੇ ਤਿਆਰ ਕੀਤੀ ਜੋ 1978 ਵਿੱਚ ਪੰਜਾਬੀ ਯੂਨੀਵਰਸਿਟੀ ਨੇ ਪ੍ਰਕਾਸ਼ਿਤ ਕੀਤੀ। ਸੈਂਟਰਲ ਰੈਫਰੈਂਸ ਲਾਇਬ੍ਰੇਰੀ ਕੋਲਕਤਾ ਨੇ ਪੰਜਾਬੀ ਪੁਸਤਕਾਂ ਦੀ ਸੂਚੀ-ਤਿਆਰ ਕੀਤੀ ਜੋ ਨੈਸ਼ਨਲ ਲਾਇਬ੍ਰੇਰੀ ਵਿੱਚ 1958 ਵਿੱਚ ਮੌਜੂਦ ਸਨ ਅਤੇ ਸ੍ਰ: ਗੁਰਨੇਕ ਸਿੰਘ ਤਾਜ ਨੇ ਪਹਿਲੀ ਵੇਰ 1959 ਵਿੱਚ 'ਇੰਡੀਅਨ ਨੈਸ਼ਨਲ ਬਿਬਲੋਗ੍ਰਾਫੀ' ਦੇ ਸ਼ੁਮਾਰੇ ਵਿੱਚ ਪ੍ਰਕਾਸ਼ਿਤ ਕੀਤੀ। ਇਨ੍ਹਾਂ ਸਮਿਆਂ ਵਿੱਚ ਹੀ 'ਰਾਸ਼ਟਰੀ ਪੁਸਤਕ-ਸੂਚੀ' ਛਾਪੀ ਗਈ। 1958 ਅਤੇ 1959 ਵਿੱਚ ਛਪੀਆਂ ਪੁਤਸਕਾਂ ਨੂੰ ਪੰਜਾਬ ਵਿਭਾਗ ਨੇ 1961 ਵਿੱਚ ਛਾਪਿਆ। ਇਸ ਦੀ ਪ੍ਰਕਾਸ਼ਨਾ ਬਾਅਦ ਵਿੱਚ ਭਾਸ਼ਾ ਵਿਭਾਗ ਪੰਜਾਬ ਨੇ ਆਪਣੇ ਹੱਥ ਵਿੱਚ ਲੈ ਕੇ 1971-72 ਅਤੇ 1973-74 ਦੇ ਸ਼ੁਮਾਰਿਆਂ ਵਿੱਚ ਛਾਪਿਆ ਜਿਸ ਨੂੰ ਕਰਮਵਾਰ ਸ੍ਰ: ਨੱਥਾ ਸਿੰਘ ਜੱਗੀ ਅਤੇ ਹਰਿੰਦਰ ਕੌਰ ਨੇ 1977 ਅਤੇ 1980 ਵਿੱਚ ਪ੍ਰਕਾਸ਼ਿਤ ਕੀਤਾ। ਡਾਕਟਰ ਸ਼ੋਧ ਪ੍ਰਬੰਧ (Doctoral Thesis) ਪੀ.ਐਚ.ਡੀ. ਦੇ ਵਿਵਰਣਾਤਮਕ ਸੂਚੀ ਧਰਮ ਸਿੰਘ ਨੇ 1978 ਵਿੱਚ 'ਖੋਜ-ਦਰਪਣ' ਅੰਮ੍ਰਿਤਸਰ ਵਿੱਚ ਛਾਪੇ। 1993 ਵਿੱਚ ਹਿੰਦੀ, ਪੰਜਾਬੀ, ਸਿੰਧੀ ਅਤੇ ਪਸ਼ਤੋ ਪ੍ਰਕਾਸ਼ਿਤ ਪੁਸਤਕਾਂ ਦੀਆਂ ਪੁਸਤਕ-ਸੂਚੀਆਂ ਪ੍ਰਕਾਸ਼ਿਤ ਕੀਤੀਆਂ ਗਈਆਂ, ਜੋ ਬ੍ਰਿਟਿਸ਼ ਲਾਇਬ੍ਰੇਰੀ ਅਤੇ ਲੰਡਨ ਦੇ ਅਜਾਇਬਘਰ ਵਿੱਚ ਮੌਜੂਦ ਹਨ। ਪੰਜਾਬੀ ਪੁਸਤਕ-ਸੂਚੀ ਜੋ ਇੰਡੀਅਨ ਆਫ਼ਿਸ ਲਾਇਬ੍ਰੇਰੀ ਲੰਡਨ ਵਿੱਚ ਮੌਜੂਦ ਹਨ ਨੂੰ ਡਾ: ਗਨੇਸ਼ ਗੋਹਰ ਅਤੇ ਮਿਸ ਕੈਅਲੋ ਡਿਗਸ ਨੇ 1975 ਵਿੱਚ ਪ੍ਰਕਾਸ਼ਤ ਕੀਤਾ।

ਖਾਲਸਾ ਕਾਲਜ ਅੰਮ੍ਰਿਤਸਰ ਦੇ ਸਮੇਂ ਦੌਰਾਨ ਮੈਂ ਕਈ ਫ਼ਾਰਸੀ ਅਤੇ ਉਰਦੂ ਕਿਤਾਬਾਂ ਅਤੇ ਲਿਖਤਾਂ ਦੇ ਨੋਟ ਲਏ ਸਨ। ਕਸ਼ਮੀਰ ਦੀ ਰੈਫਰੈਂਸ ਲਾਇਬ੍ਰੇਰੀ, ਪੁਰਾ ਲੇਖ ਵਿਭਾਗ ਵਿੱਚੋਂ ਵੀ ਕਈ ਹੱਥ ਲਿਖਤਾਂ ਦੇ ਨੋਟ ਲਏ ਸਨ। ਕਈ ਪੁਸਤਕਾਂ ਜਾਂ ਹੱਥ-ਲਿਖਤਾਂ ਦੇ ਲੇਖਕਾਂ ਦੇ ਨਾਂ ਅਸਲੀ ਲਿਖਤਾਂ ਵਿੱਚ ਮੌਜੂਦ ਨਹੀਂ, ਉਨ੍ਹਾਂ ਬਾਰੇ ਸੂਚਨਾ ਮੁਹੱਈਆ ਕਰਵਾਉਣੀ ਅਤਿ ਕਠਨ ਹੈ, ਸੋ ਉਸੇ ਤਰ੍ਹਾਂ ਰੱਖ ਦਿੱਤੇ ਹਨ। ਕਈ ਰਚਨਾਵਾਂ ਦੇ ਪ੍ਰਕਾਸ਼ਨ ਬਾਰੇ ਤਫ਼ਸੀਲ ਨਹੀਂ ਮਿਲਦੀ, ਤਾਂ ਉਥੇ 'ਮਿਤੀ ਹੀਨ' ਲਿਖ ਦਿੱਤਾ ਹੈ। ਕਈ ਪੁਸਤਕਾਂ ਜਾਂ ਹੱਥ-ਲਿਖਤਾਂ ਦੀ ਉਪਲਬਧਤਾ ਦੇ ਸਰੋਤਾਂ ਬਾਰੇ ਜਾਣਕਾਰੀ ਨਹੀਂ ਮਿਲ ਸਕੀ, ਉਸ ਨੂੰ ਉਵੇਂ ਹੀ ਰੱਖ ਦਿੱਤਾ ਹੈ। ਜਿਥੋਂ ਤੱਕ ਸੰਭਵ ਹੋ ਸਕਿਆ ਹੈ ਵਿਵਰਣਾਤਮਕ ਪੁਸਤਕ-ਸੂਚੀ ਦੇ ਦਿੱਤੀ ਹੈ।

ਬਹੁਤ ਸਾਰੀਆਂ ਅਜਿਹੀਆਂ ਪੁਸਤਕਾਂ, ਖਾਸਕਰ ਉਰਦੂ ਪੁਸਤਕਾਂ, ਮੁੱਢਲੇ ਸਰੋਤਾਂ ਦੀ ਕਤਾਰ ਵਿੱਚ ਨਹੀਂ ਆਉਂਦੀਆਂ ਜਾਂ 1947 ਈ: ਤੋਂ ਬਾਅਦ ਛਪੀਆਂ



Sri Satguru Jagjit Singh Ji eLibrary NamdhariElibrary@gmail.com

ਹਨ, ਉਨ੍ਹਾਂ ਨੂੰ 'ਅੰਤਿਕਾ' ਵਿੱਚ ਸ਼ਾਮਲ ਕਰ ਦਿੱਤਾ ਹੈ।

ਮੇਰੀ ਇਹ ਸੰਭਵੀ ਕੋਸ਼ਿਸ਼ ਰਹੀ ਹੈ ਕਿ ਪ੍ਰਾਥਮਿਕ ਸਰੋਤਾਂ ਤੱਕ ਪੁੱਜ ਕੇ ਜਾਣਕਾਰੀ ਇਕੱਠੀ ਕੀਤੀ ਜਾਵੇ, ਮੈਂ ਇਸ ਵਿੱਚ ਕਿਥੋਂ ਤੱਕ ਕਾਮਯਾਬ ਹੋਇਆ ਹਾਂ, ਇਹ ਕੇਵਲ ਵਿਦਵਾਨ ਪਾਠਕ ਹੀ ਦੱਸ ਸਕਦੇ ਹਨ। ਬਹੁਤ ਸਾਰਾ 'ਸਿੱਖ-ਸਾਹਿਤ' ਇਤਿਹਾਸਕ ਨੁਕਤੇ-ਨਿਗਾਹ ਤੋਂ ਦੂਰ ਦੁਰਾਡੇ ਪਿਆ ਹੈ। ਖ਼ਾਸਕਰ ਫ਼ਾਰਸੀ ਅਤੇ ਉਰਦੂ ਸ੍ਰੋਤ। ਇਸ ਦੀਆਂ ਵੀ ਮੁੱਢਲੀਆਂ ਸੀਮਾਵਾਂ ਵੱਖਰੀਆਂ ਹਨ ਜਿਵੇਂ ਫਾਰਸੀ ਭਾਸ਼ਾ ਸਰਕਾਰੀ ਸੀ, ਲੇਖਕ ਬਹੁਤੇ ਮੁਸਲਮਾਨ ਅਤੇ ਤੁਅਸਬੀ ਸਨ, ਮੁਗਲਾਂ ਸਮੇਂ, ਲੇਖਕ ਮੁਗਲਾਂ ਦੀਆਂ ਘਾਟਾਂ ਨੂੰ ਸਫ਼ਲਤਾਵਾਂ ਦੇ ਰੂਪ ਵਿੱਚ ਪੇਸ਼ ਕਰਦੇ ਸਨ, ਸ਼ੁਧ-ਪਾਠ ਦੀ ਸਮੱਸਿਆ, ਕਈ ਥਾਂ ਅਸਲੀ ਤਥਾਂ ਨੂੰ ਪੂਰੀ ਇਮਾਨਦਾਰੀ ਨਾਲ ਪੇਸ਼ ਕਰਨੋ ਘੁਸੇਲ ਮਾਰ ਛੱਡਣੀ, ਉਨ੍ਹਾਂ ਦੀ ਫ਼ਿਤਰਤ ਦਾ ਮੀਰੀ ਗੁਣ ਬਣ ਗਿਆ ਸੀ।

ਸਿੱਖ ਇਤਿਹਾਸ ਦੇ ਸੂਝਵਾਨ ਪਾਠਕਾਂ ਲਈ ਇਹ ਛੋਟਾ ਜਿਹਾ ਗੁਲਦਸਤਾ ਭੇਟ ਕਰਕੇ ਮੈਨੂੰ ਖ਼ੁਸ਼ੀ ਮਹਿਸੂਸ ਹੋ ਰਹੀ ਹੈ। ਜੇਕਰ ਇਹ ਨਵੇਂ ਖੋਜਾਰਥੀਆਂ ਲਈ ਸਿੱਖ ਇਤਿਹਾਸ ਸ੍ਰੋਤਾਂ ਦੇ ਖੋਜ-ਸੰਦਾਂ ਦੀ ਕਤਾਰ ਵਿੱਚ ਆ ਕੇ ਕੰਮ ਆਵੇ, ਤਾਂ ਮੈਂ ਨਿੱਘ ਮਹਿਸੂਸ ਕਰਾਂਗਾ। ਬਹੁਤ ਕੁੱਝ ਰਹਿ ਵੀ ਗਿਆ ਹੋਵੇਗਾ, ਮਿਹਰਬਾਨ ਪਾਠਕ ਘਾਟਾਂ ਵੱਲ ਜ਼ਰੂਰ ਧਿਆਨ ਦਿਵਾਉਣ ਦੀ ਕ੍ਰਿਪਾਲਤਾ ਕਰਨਗੇ।

**ਡਾ: ਜਸਬੀਰ ਸਿੰਘ**

**2008**
**ਸੰਤ ਨਿਵਾਸ**
**ਸ੍ਰੀ ਨਗਰ (ਕਸ਼ਮੀਰ)**



. Sri Satguru Jagjit Singh Ji eLibrary NamdhariElibrary@gmail.com .

# ਅੱਖਰਾਂ ਦੀ ਤੁਲਨਾਤਮਕ ਸੂਚੀ

| ਪੰਜਾਬੀ | ਫ਼ਾਰਸੀ | ਉਰਦੂ |
|---|---|---|
| ਅ | ا | ا ع |
| ਆ ਾ | آ | آ |
| ਐ ੈ | اَے | اَے |
| ਔ ੌ | اَو | اَو |
| ਬ | ب | ب |
| ਭ | بھ | بھ |
| ਚ | چ | چ |
| ਛ | چھ | چھ |
| ਦ ਡ | د | د ڈ |
| ਢ | ڈھ | ڈھ |
| ਧ | دھ | دھ |
| ਏ ੇ | اے | اے |
| ੇ | ایـ | ایـ |
| ਫ | ف | ف |
| ਗ | گ | گ |
| ਘ | گھ | غ |
| ਹ | ہ ھ | ھ ہ |
| ਇ ਿ | اِ | اِ |



. Sri Satguru Jagjit Singh Ji eLibrary NamdhariElibrary@gmail.com .

| ਪੰਜਾਬੀ | ਫ਼ਾਰਸੀ | ਉਰਦੂ |
|---|---|---|
| ਈ ੀ | اِی | اِی |
| ਜ | ج | ج |
| ਕ | ک | ک |
| ਖ | کھ | کھ |
| ਲ | ل | ل |
| ਮ | م | م |
| ਨ | ن | ن |
| ਓ | او | او |
| ਪ | پ | پ |
| ਫ | پھ | پھ |
| ਕ | ق | ق |
| ਰ ੜ | ر | ڑ |
| ਸ | س ث | س ث |
| ਤ ਟ | ط ت | ط ٹ |
| ਉ ੁ | اُ | اُ |
| ਊ ੂ | اُو | اُو |
| ਵ | و | و |
| ਯ | ی | ی |
| ਜ਼ | ض ز ذ | ظ ض |



. Sri Satguru Jagjit Singh Ji eLibrary NamdhariElibrary@gmail.com .

# ਸੰਖੇਪ ਚਿੰਨ੍ਹਾਂ ਦੀ ਸੂਚੀ

| | |
|---|---|
| ਅਯਲ | ਅਹਿਲਾਬਾਦ ਯੂਨੀਵਰਸਿਟੀ ਲਾਇਬ੍ਰੇਰੀ |
| ਏਸਕ | ਏਸ਼ੀਆ ਸੁਸਾਇਟੀ ਕਲਕੱਤਾ |
| ਸਹਸਅ | ਸਿੱਖ ਹਿਸਟਰੀ ਸੁਸਾਇਟੀ ਅੰਮ੍ਰਿਤਸਰ |
| ਸਸਅ | ਸ਼ਮਸ਼ੇਰ ਸਿੰਘ ਅਸ਼ੋਕ |
| ਸਜਲਹਦ | ਸਾਲਾਰ ਜੰਗ ਲਾਇਬ੍ਰੇਰੀ ਹੈਦਰਾਬਾਦ ਦੱਖਣ |
| ਹਸਲਹ | ਹੈਦਰਾਬਾਦ ਸਟੇਟ ਲਾਇਬ੍ਰੇਰੀ ਹੈਦਰਾਬਾਦ |
| ਖਕਅ | ਖਾਲਸਾ ਕਾਲਜ ਅੰਮ੍ਰਿਤਸਰ |
| ਖਬਲਬਪ | ਖੁਦਾ ਬਖ਼ਸ਼ ਲਾਇਬ੍ਰੇਰੀ, ਬਾਂਕੀਪੁਰ, ਪਟਨਾ |
| ਗਨਦਯਅ | ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ |
| ਜਮਇਦ | ਜਾਮਿਆ ਮਿਲੀਆ ਇਸਲਾਮੀਆ, ਦਿੱਲੀ |
| ਦਦਯ | ਦਾਰਉਲੂਮ ਦੇਵਬੰਦ, ਯੂ.ਪੀ. |
| ਨਲਕ | ਨੈਸ਼ਨਲ ਲਾਇਬ੍ਰੇਰੀ ਕਲਕੱਤਾ |
| ਨਅਇਨਦ | ਨੈਸ਼ਨਲ ਆਰਕਾਈਵਜ਼ ਆਫ਼ ਇੰਡੀਆ, ਨਵੀਂ ਦਿੱਲੀ |
| ਪਮਸਕ | ਸ੍ਰੀ ਪ੍ਰਤਾਪ ਸਿੰਘ ਮਯੂਜ਼ਮ, ਸ੍ਰੀ ਨਗਰ, ਕਸ਼ਮੀਰ |
| ਪਪਲਲ | ਪੰਜਾਬ ਪਬਲਿਕ ਲਾਇਬ੍ਰੇਰੀ, ਲਾਹੌਰ |
| ਪਯਲਪ | ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਪਟਿਆਲਾ |
| ਪਪਲਲ | ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਲਾਹੌਰ |
| ਪਵਪਪ | ਪੁਰਾਲੇਖ ਵਿਭਾਗ ਪੰਜਾਬ, ਪਟਿਆਲਾ |
| ਬਹਯਵ | ਬਨਾਰਸ ਹਿੰਦੂ ਯੂਨੀਵਰਸਿਟੀ, ਵਾਰਾਨਸੀ |
| ਬਸਲਦ | ਡਾ: ਬਲਬੀਰ ਸਿੰਘ ਲਾਇਬ੍ਰੇਰੀ, ਦੇਹਰਾਦੂਨ |
| ਬਮਲਲਇ | ਬ੍ਰਿਟਿਸ਼ ਮਿਊਜ਼ਯਮ ਲਾਇਬ੍ਰੇਰੀ ਲੰਡਨ, ਇੰਗਲੈਂਡ |
| ਬਲਅਇ | ਬੁਦਲਿਨ ਲਾਇਬ੍ਰੇਰੀ ਔਕਸਫੋਰਡ, ਇੰਗਲੈਂਡ |
| ਭਦਸਲਫ | ਭਾਈ ਦਿੱਤ ਸਿੰਘ ਲਾਇਬ੍ਰੇਰੀ, ਫਿਰੋਜ਼ਪੁਰ |
| ਮਯਲਅ | ਮੁਸਲਿਮ ਯੂਨੀਵਰਸਿਟੀ ਲਾਇਬ੍ਰੇਰੀ, ਅਲੀਗੜ੍ਹ |
| ਮਯਸਪ | ਮਹਾਰਾਜਾ ਯਾਦਵਿੰਦਰ ਸਿੰਘ, ਪਟਿਆਲਾ |
| ਰਸਪਵਬ | ਰਾਜਿਸਤਾਨ ਸਟੇਟ ਪੁਰਾਲੇਖ ਵਿਭਾਗ, ਬੀਕਾਨੇਰ |
| ਰਪਲਜਕਸ | ਰਿਸਰਚ ਐਂਡ ਪਬਲੀਕੇਸ਼ਨ ਲਾਇਬ੍ਰੇਰੀ, ਜੰਮੂ ਕਸ਼ਮੀਰ ਸਰਕਾਰ |
| ਰਸਲਰ | ਰਾਮਪੁਰ ਸਟੇਟ ਲਾਇਬ੍ਰੇਰੀ, ਰਾਮਪੁਰ |
| ਰਰਲਜਕਸ | ਰੈਫਰੈਂਸ ਰਿਸਰਚ ਲਾਇਬ੍ਰੇਰੀ, ਜੰਮੂ ਕਸ਼ਮੀਰ ਸਰਕਾਰ |
| ਰਲਜ | ਰਣਬੀਰ ਲਾਇਬ੍ਰੇਰੀ, ਜੰਮੂ |



. Sri Satguru Jagjit Singh Ji eLibrary NamdhariElibrary@gmail.com .

# ਸਿੱਖ ਇਤਿਹਾਸ ਦੇ
# ਮੁੱਢਲੇ ਫ਼ਾਰਸੀ ਸਰੋਤ

. Sri Satguru Jagjit Singh Ji eLibrary NamdhariElibrary@gmail.com .

# ਸਿੱਖ ਇਤਿਹਾਸ ਦੇ ਮੁੱਢਲੇ ਫ਼ਾਰਸੀ ਸਰੋਤ

***ਉਮਦਾ-ਉ-ਤਵਾਰੀਖ***-ਸੋਹਨ ਲਾਲ ਸੂਰੀ, ਪੰਜ ਭਾਗ, ਪ੍ਰਕਾਸ਼ਤ, ਆਰੀਆ ਪ੍ਰੈਸ, ਲਾਹੌਰ, 1885-1889 ਈ:।

ਇਸ ਵਿੱਚ ਦਸ ਗੁਰੂ ਸਾਹਿਬਾਨ, ਖ਼ਾਲਸੇ ਦੀਆਂ ਮੁੱਢਲੀਆਂ ਜਿੱਤਾਂ, ਸ੍ਰ: ਚੜ੍ਹਤ ਸਿੰਘ, ਸ੍ਰ: ਮਹਾਂ ਸਿੰਘ, ਮਹਾਰਾਜਾ ਰਣਜੀਤ ਸਿੰਘ, ਸ੍ਰ: ਖੜਕ ਸਿੰਘ, ਸ੍ਰ: ਨੌਨਿਹਾਲ ਸਿੰਘ, ਸ੍ਰ: ਸ਼ੇਰ ਸਿੰਘ ਅਤੇ ਸ੍ਰ: ਦਲੀਪ ਸਿੰਘ ਦਾ ਜ਼ਿਕਰ ਹੈ।

ਇਸ ਪੁਸਤਕ ਦਾ ਪੰਜਾਬੀ ਅਨੁਵਾਦ ਅਮਰਵੰਤ ਸਿੰਘ ਨੇ ਕੀਤਾ ਹੈ ਅਤੇ ਸੰਪਾਦਨਾ ਜੇ.ਐਸ. ਗਰੇਵਾਲ ਅਤੇ ਇੰਦੂ ਬਾਂਗਾ ਨੇ ਕੀਤੀ ਹੈ। 2001 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ (ਗਨਦਯਅ) ਨੇ ਪ੍ਰਕਾਸ਼ਤ ਕੀਤੀ ਹੈ।

***ਅਸ਼ਰੀ-ਉਲ-ਅਕਵਾਮ***-ਜ਼ੇਮਜ਼ ਸਕੀਨਰ, ਲਿਖਤੀ, 1825 ਈ:, ਬ੍ਰਿਟਿਸ਼ ਮਿਊਜ਼ੀਅਮ ਲਾਇਬ੍ਰੇਰੀ ਲੰਡਨ, ਇੰਗਲੈਂਡ (ਬਮਲਲਏ)।

ਇਸ ਵਿੱਚ ਸਿੱਖਾਂ, ਨਾਨਕ ਪੰਥੀਆਂ, ਅਕਾਲੀਆਂ, ਸੁਥਰਾ-ਸ਼ਾਹੀਆਂ ਆਦਿ ਬਾਰੇ ਅੰਕਿਤ ਹੈ, ਨਾਲੇ ਫ਼ੋਟੋਆਂ ਵੀ ਛਪੀਆਂ ਹਨ।

***ਆਤਿਸ਼-ਇ-ਬੇਦੂਦ***-ਅਹਿਸਾਨ-ਉਲਾ-ਖ਼ਾਨ ਸਾਹਿਬ, ਪ੍ਰਕਾਸ਼ਤ 1297 ਹਿਜਰੀ, ਮੁਸਲਿਮ ਯੂਨੀਵਰਸਿਟੀ ਲਾਇਬ੍ਰੇਰੀ, ਅਲੀਗੜ੍ਹ (ਮਯਲਅ)।

ਇਸ ਵਿੱਚ ਥੋੜ੍ਹਾ ਗੁਰੂ ਸਾਹਿਬਾਨ ਦਾ ਜ਼ਿਕਰ ਹੈ ਅਤੇ ਕੁੱਝ ਸਫ਼ਿਆਂ 'ਤੇ ਅੰਗ੍ਰੇਜ਼-ਸਿੱਖ ਜੰਗਾਂ ਦਾ ਜ਼ਿਕਰ ਆਇਆ ਹੈ।

***ਅਹਿਵਾਲ-ਇ-ਸਿੱਖਾਂ-ਉ-ਬੰਦਾ***-ਲਿਖਤੀ, 1120 ਹਿਜਰੀ, ਬਮਲਲਏ।

ਇਸ ਵਿੱਚ ਸਿੱਖਾਂ ਤੇ ਬੰਦਾ ਬਹਾਦਰ ਦੀ ਚੜ੍ਹਤ ਦਾ ਵਰਣਨ 4 ਤੋਂ 8 ਪੱਤਰੇ 'ਤੇ ਆਇਆ ਹੈ।

***ਅਹਿਵਾਲ-ਇ-ਹਜ਼ਰਤ ਸ਼ਾਹ ਜ਼ਮਾਨ ਬਿਨ ਤਹਮੂਰ ਸ਼ਾਹ ਬਿਨ ਅਹਿਮਦ-ਸ਼ਾਹ ਅਬਦਾਲੀ***-ਲਿਖਤੀ, ਮਯਲਅ।

ਇਸ ਵਿੱਚ ਬਹੁਤਾ ਸ੍ਰ: ਜੱਸਾ ਸਿੰਘ ਰਾਮਗੜ੍ਹੀਆ ਬਾਰੇ ਵਰਨਣ ਹੈ। ਇਸ ਲਿਖਤ ਨੂੰ ਤਾਰੀਖ਼-ਇ-ਅਫ਼ਗਾਨਾਂ ਵੀ ਆਖਿਆ ਜਾਂਦਾ ਹੈ।

***ਅਹਿਵਾਲ-ਇ-ਖ਼ਾਨਦਾਨ-ਇ-ਫੂਲਕੀਆ***-ਰਾਜੂ ਸਿੰਘ-ਲਿਖਤੀ, ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਪਟਿਆਲਾ (ਪਯਲਪ)।



. Sri Satguru Jagjit Singh Ji eLibrary NamdhariElibrary@gmail.com .

ਇਸ ਵਿੱਚ ਫੂਲਕੀਆ ਪਰਿਵਾਰ ਪਟਿਆਲਾ, ਨਾਭਾ ਅਤੇ ਜੀਂਦ ਦਾ ਇਤਿਹਾਸ ਦਰਜ ਹੈ।

***ਅਹਿਵਾਲ-ਇ-ਖ਼ਾਨਦਾਨ-ਇ-ਰਾਜਗਾਨ-ਇ-ਪਟਿਆਲਾ***-ਮਹਿਨਾ ਸਿੰਘ ਗਰੇਵਾਲ, ਲਿਖਤੀ, 1825 ਈ:, ਰਾਜਾ ਆਲ੍ਹਾ ਸਿੰਘ ਤੇ ਅਮਰ ਸਿੰਘ ਪਟਿਆਲਾ ਬਾਰੇ ਜ਼ਿਕਰ ਕੀਤਾ ਗਿਆ ਹੈ।

***ਅਹਿਵਾਲ-ਇ-ਜੰਗ-ਇ-ਅਬਦੁਸ ਸਮੰਦ ਖ਼ਾਨ ਬਰ ਖਿਲਾਫ਼-ਇ-ਸਿੱਖਾਂ-ਵਾ-ਬੰਦਾ***-ਲਿਖਤੀ, ਬਮਲਲਣ।

ਇਸ ਵਿੱਚ ਅਬਦੁਸ-ਸੰਮਦ ਖ਼ਾਨ ਦੀਆਂ ਸਿੱਖਾਂ ਵਿਰੁੱਧ ਜੰਗਾਂ ਦਾ ਜ਼ਿਕਰ ਹੈ, ਖ਼ਾਸਕਰ ਬੰਦਾ ਬਹਾਦਰ ਦਾ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬ ਵੱਲ ਭੇਜਿਆ ਸੀ।

***ਅਹਿਕਾਮ-ਇ-ਆਲਮਗੀਰੀ***-ਮੁਨਸ਼ੀ-ਇਨਾਇਤ-ਉਲਾ-ਇਸਮੀ, ਲਿਖਤੀ, ਰਾਮਪੁਰ ਸਟੇਟ ਲਾਇਬ੍ਰੇਰੀ, ਰਾਮਪੁਰ (ਰਸਲਰ)

ਇਸ ਵਿੱਚ ਕੇਵਲ ਗੁਰੂ ਗੋਬਿੰਦ ਸਿੰਘ ਜੀ ਦੀਆਂ ਪੰਜਾਬ ਵਿਚਲੀਆਂ ਗਤੀਵਿਧੀਆਂ ਦਾ ਜ਼ਿਕਰ ਹੈ।

***ਅਖਬਾਰ-ਇ-ਦਰਬਾਰ-ਇ-ਮੁਅੱਲਾ***-ਲਿਖਤੀ, ਜੈਪੁਰ ਦੇ ਪੁਰਾਣੇ ਤਵਾਰੀਖ਼ੀ ਰੀਕਰਡਾਂ ਵਿਭਾਗ ਵਿੱਚ ਮੌਜੂਦ ਹੈ। ਖ਼ਾਲਸਾ ਕਾਲਜ, ਅੰਮ੍ਰਿਤਸਰ (ਖਕਅ), ਪਯਲਪ ਅਤੇ ਰਾਜਸਥਾਨ ਸਟੇਟ ਪੁਰਾਲੇਖ ਵਿਭਾਗ, ਬੀਕਾਨੇਰ (ਸਸਪਵਬ) ਵਿੱਚ ਕਾਪੀਆਂ ਮੌਜੂਦ ਹਨ।

ਇਸ ਨੂੰ ਡਾ: ਭਗਤ ਸਿੰਘ ਨੇ ਅੰਗ੍ਰੇਜ਼ੀ ਅਨੁਵਾਦ ਕਰਕੇ "The Panjab Past and Present" Vol: XVIII, Oct. 1984, Serial No. 36, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਛਾਪ ਦਿੱਤਾ ਹੈ।

***ਅਖਬਾਰਾਤ-ਇ-ਸਿੰਘਾਂ***-ਲਿਖਤੀ, ਤਿੰਨ ਭਾਗਾਂ ਵਿੱਚ, ਇਹ ਲਿਖਤ ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਲਾਹੌਰ (ਪਾਕਿਸਤਾਨ) (ਪਯਲਲ) ਵਿੱਚ ਮੌਜੂਦ ਹੈ।

ਇਸ ਵਿੱਚ ਸਿੰਘਾਂ ਦਾ ਵਰਨਣ ਆਇਆ ਹੈ।

***ਅਖਬਰਾਤ-ਇ-ਹਿੰਦ***-ਲਿਖਤੀ, 1264 ਹਿਜਰੀ, 1847-48 ਈ: ਬਮਲਲਣ,

ਇਸ ਵਿੱਚ ਅਹਿਮਦ ਸ਼ਾਹ ਅਬਦਾਲੀ ਦੇ ਹਵਾਲੇ ਨਾਲ ਸਿੱਖਾਂ ਦਾ ਜ਼ਿਕਰ



Sri Satguru Jagjit Singh Ji eLibrary NamdhariElibrary@gmail.com

ਹੈ। ਸਿੱਖਾਂ ਦਾ ਜ਼ਿਕਰ ਉਸ ਸਮੇਂ ਵੀ ਆਇਆ ਜਦੋਂ ਅੰਗ੍ਰੇਜ਼ਾਂ ਨੇ ਪੰਜਾਬ ਤੇ ਕਬਜ਼ਾ ਕਰ ਲਿਆ।

***ਅਖਬਰਾਤ-ਇ-ਰਣਜੀਤ ਸਿੰਘ***-ਲਿਖਤੀ, 1825 ਈ:, ਨੈਸ਼ਨਲ ਆਰਕਾਈਵਜ਼ ਆਫ਼ ਇੰਡੀਆ, ਨਵੀਂ ਦਿੱਲੀ (ਨਅਇਨਦ) ਵਿੱਚ ਮੌਜੂਦ ਹੈ।

ਇਹ ਅਸਲ 'ਚ ਮਹਾਰਾਜਾ ਰਣਜੀਤ ਸਿੰਘ ਦਾ ਰੋਜ਼ਨਾਮਚਾ ਹੈ।

***ਅਮੀਰ-ਉਲ-ਇਮਲਾ (ਮੁਤੰਖ਼ਬ-ਉਲ-ਹਕਾਇਕ)***-ਲਿਖਤੀ, 1800 ਈ: ਬਮਲਲਏ, ਇਸ ਦਾ ਲੇਖਕ ਦਲਪੱਤ ਰਾਇ ਹੈ।

ਮਹਾਰਾਜਾ ਰਣਜੀਤ ਸਿੰਘ ਅਤੇ ਹੋਰ ਸਿੱਖ ਸਰਦਾਰਾਂ ਦਾ ਜ਼ਿਕਰ ਆਇਆ ਹੈ।

***ਅਮੀਰ-ਨਾਮਾ***-ਬੁਸਾਵਨ ਲਾਲ, ਲਿਖਤੀ, 1241 ਹਿਜਰੀ, ਇਹ ਖੁਦਾ ਬਖਸ਼ ਲਾਇਬ੍ਰੇਰੀ, ਬਾਂਕੀਪੁਰ ਪਟਨਾ (ਖਬਲਬਪ) ਵਿੱਚ ਮੌਜੂਦ ਹੈ।

***ਅਮਰ-ਨਾਮਾ***-ਨੱਥਮਲ, ਪ੍ਰਕਾਸ਼ਤ, 1953, ਡਾ: ਗੰਡਾ ਸਿੰਘ ਨੇ ਸੰਪਾਦਨ ਕਰਕੇ ਸਿੱਖ ਹਿਸਟਰੀ ਸੁਸਾਇਟੀ, ਅੰਮ੍ਰਿਤਸਰ (ਸਹਸਅ) ਵੱਲੋਂ ਪ੍ਰਕਾਸ਼ਤ ਕੀਤਾ, ਪੰਜਾਬੀ ਅਨੁਵਾਦ।

ਇਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਦੇੜ ਦੇ ਅਖ਼ੀਰਲੇ ਦਿਨਾਂ ਦਾ ਹਾਲ ਦਰਜ ਹੈ।

***ਅਰਸ਼ਾਦ-ਉਲ-ਮੁਸਤਕੀਮ***-ਲਿਖਤੀ, ਪੰਜਾਬ ਪਬਲਿਕ ਲਾਇਬ੍ਰੇਰੀ ਲਾਹੌਰ (ਪਪਲਲ) ਪਾਕਿਸਤਾਨ ਵਿੱਚ ਮੌਜੂਦ ਹੈ।

ਇਸ ਵਿੱਚ ਅਦੀਨਾ ਬੇਗ ਅਤੇ ਸਿੱਖਾਂ ਦਾ ਵਰਨਣ, ਸਿੱਖਾਂ ਨੇ ਦੁਆਬਾ ਖੇਤਰ ਕਿਵੇਂ ਜਿੱਤਿਆ ਅਤੇ ਸਿੱਖਾਂ ਦੇ ਘੱਲੂਘਾਰੇ ਬਾਰੇ ਜ਼ਿਕਰ ਆਇਆ ਹੈ।

***ਅਵਰਾਕ-ਇ-ਤਾਰੀਖ-ਇ-ਕਸ਼ਮੀਰ***-ਲਿਖਤੀ, 20ਵੀਂ ਸਦੀ।

ਇਸ ਵਿੱਚ ਕਸ਼ਮੀਰ ਦੇ ਸਿੱਖ ਗਵਰਨਰ ਸ਼ੇਖ਼ ਮਹਉ-ਉ-ਦੀਨ ਦੇ ਦੇਹਾਂਤ ਤੋਂ ਲੈ ਕੇ ਮਹਾਰਾਜਾ ਗੁਲਾਬ ਸਿੰਘ ਦੇ ਅਹਿਦ ਦਾ ਜ਼ਿਕਰ ਹੈ। 1262 ਤੋਂ ਲੈ ਕੇ 1846 ਦਾ ਇਤਿਹਾਸ ਵੀ ਦਰਜ ਹੈ।

***ਅਵਰਾਕ-ਇ-ਪ੍ਰਿਬਿਨ-ਇ-ਤਵਾਰੀਖ਼-ਇ-ਪੰਜਾਬ***-ਡਾ: ਗੰਡਾ ਸਿੰਘ, ਪ੍ਰਕਾਸ਼ਤ, ਸਹਸਅ, 1949

ਸਿੱਖਾਂ ਬਾਰੇ ਕਾਫੀ ਵਿਸਥਾਰ ਨਾਲ ਅੰਕਿਤ ਹੈ। ਫ਼ਾਰਸੀ ਲਿਖਤਾਂ ਦਾ ਪੰਜਾਬੀ ਅਨੁਵਾਦ ਅਤੇ ਸੰਪਾਦਨਾ ਕੀਤੀ ਗਈ ਹੈ।



. Sri Satguru Jagjit Singh Ji eLibrary NamdhariElibrary@gmail.com .

***ਐਲਾਨ-ਇ-ਦਰਬਾਰ-ਇ-ਖ਼ਾਲਸਾ (ਦਸਤੂਰ-ਉਲ-ਅਮਲ)***-ਲਿਖਤੀ, ਇਹ ਨੁਸਖਾ ਡਾ: ਗੰਡਾ ਸਿੰਘ ਨੂੰ ਜਾਹਨ ਲਾਰੈਂਸ ਨੇ ਭੇਟ ਕੀਤਾ ਸੀ। ਪਯਲਪ ਵਿੱਚ ਹੁਣ ਮੌਜੂਦ ਹੈ।

***ਇਨਸ਼ਾ-ਇ-ਨਿਆਜ਼ਨਾਮਾ***-ਜਾਨ ਰਾਇਪੁਰੀ, ਲਿਖਤੀ, 1832 ਈ: ਬਮਲਲਣ

ਇਹ ਲੇਖਕ ਦੀਆਂ ਚਿੱਠੀਆਂ ਦਾ ਸੰਗ੍ਰਹਿ ਹੈ, ਜਿਸ ਵਿੱਚ ਰਾਇਪੁਰ ਸਿੱਖ ਰਿਆਸਤ (ਅੰਬਾਲਾ) ਦਾ ਖ਼ੂਬ ਵਰਨਣ ਹੈ।

***ਇਖਲਾਕ-ਇ-ਨਿਰੰਦਰੀ***-ਸ਼ੇਰ ਮੁਹੰਮਦ ਕਾਦਰੀ, ਲਿਖਤੀ,

ਇਹ ਮਹਾਰਾਜਾ ਯਾਦਵਿੰਦਰ ਸਿੰਘ ਦੀ ਹਦਾਇਤ ਅਨੁਸਾਰ ਲਿਖੀ ਗਈ ਸੀ। ਲੇਖਕ ਨੇ ਸਮਰਪਨ ਵੀ ਮਹਾਰਾਜਾ ਨੂੰ ਇਹ ਲਿਖਤ ਕੀਤੀ ਹੈ।

***ਇਬਰਤ-ਨਾਮਾ***-ਕਾਮ ਰਾਜ, ਲਿਖਤੀ, 1131 ਹਿਜਰੀ,

ਇਹ ਲੇਖਕ ਬੰਦਾ ਬਹਾਦਰ ਦਾ ਸਮਕਾਲੀ ਸੀ। ਬੰਦਾ ਬਹਾਦਰ ਤੇ ਸਿੱਖ ਜੁਝਾਰੂਆਂ ਦੀ ਦਾਸਤਾਨ ਅੰਕਿਤ ਕੀਤੀ ਗਈ ਹੈ।

***ਇਬਰਤ-ਨਾਮਾ***-ਸਈਦ ਮੁਹੰਮਦ ਕਾਸਮ ਲਾਹੌਰੀ, ਲਿਖਤੀ, 1131 ਹਿਜਰੀ, ਖਕਅ, ਬਮਲਲਣ, ਪਯਲਲ ਵਿੱਚ ਮੌਜੂਦ ਹੈ।

ਇਸ ਵਿੱਚ ਬਾਬਾ ਬੰਦਾ ਬਹਾਦਰ ਅਤੇ ਉਸ ਦੇ ਸਾਥੀਆਂ ਦਾ ਵਿਸਥਾਰ ਨਾਲ ਜ਼ਿਕਰ ਆਇਆ ਹੈ। ਗੁਰਦਾਸ ਨੰਗਲ ਦੇ ਘੇਰੇ ਸਮੇਂ ਲੇਖਕ ਚਸ਼ਮਦੀਦ ਗਵਾਹ ਸੀ ਜਦੋਂ ਉਹਨਾਂ ਨੂੰ ਕੈਦ ਕਰਕੇ ਦਿੱਲੀ ਰਵਾਨਾ ਕੀਤਾ ਗਿਆ ਸੀ।

***ਇਬਰਤ-ਨਾਮਾ***-ਮੁਫ਼ਤੀ ਅਲੀ-ਉ-ਦੀਨ, ਲਿਖਤੀ, 1854 ਈ:, ਖਕਅ ਵਿੱਚ ਮੌਜੂਦ ਹੈ।

ਇਸ ਵਿੱਚ ਪੰਜਾਬ ਅਤੇ ਸਿੱਖਾਂ ਦੀ ਤਵਾਰੀਖ ਹੈ। ਖਾਸਕਰ ਗੁਰੂ ਨਾਨਕ ਸਾਹਿਬ ਤੋਂ ਲੈ ਕੇ 1846 ਦੇ ਅੰਗ੍ਰੇਜ਼ੀ ਸਮੇਂ ਦਾ ਹਰ ਪਹਿਲੂ ਅੰਕਿਤ ਹੈ। ਸਿੱਖਾਂ ਦੀਆਂ ਰਹੁ-ਰੀਤਾਂ, ਰੀਵਾਜਾਂ, ਖਾਣ-ਪੀਣ, ਪਹਿਰਾਵੇ ਮਹਾਰਾਜਾ ਰਣਜੀਤ ਸਿੰਘ ਆਦਿ ਦਾ ਬਾਖ਼ੂਬੀ ਜ਼ਿਕਰ ਹੈ।

1961 ਈ: ਵਿੱਚ ਪੰਜਾਬੀ ਅਦਬੀ ਅਕੈਡਮੀ ਲਾਹੌਰ ਨੇ ਦੋ ਭਾਗਾਂ ਵਿੱਚ ਛਾਪ ਦਿੱਤਾ ਹੈ।

***ਇਬਰਤ-ਨਾਮਾ***-ਮਿਰਜ਼ਾ ਮੁਹੰਮਦ ਹਾਰਸੀ ਬਿਨ ਮੁਤਮਿਦ ਖ਼ਾਨ ਬਿਨ



. Sri Satguru Jagjit Singh Ji eLibrary NamdhariElibrary@gmail.com .

ਦਿਆਨਤ ਖ਼ਾਨ, ਲਿਖਤੀ, ਖਬਲਬਪ, ਏਸ਼ੀਆ ਸੁਸਾਇਟੀ, ਕਲਕੱਤਾ (ਏਸਕ) ਵਿੱਚ ਮੌਜੂਦ ਹੈ।

ਬੰਦਾ ਬਹਾਦਰ ਅਤੇ ਉਸ ਦੇ ਸਾਥੀਆਂ ਦੀ ਗ੍ਰਿਫਤਾਰੀ ਅਤੇ ਦਿੱਲੀ ਵਿੱਚ ਸ਼ਹਾਦਤ ਦਾ ਜ਼ਿਕਰ ਹੈ।

***ਇਬਰਤ ਮਾਕਲ ਤਵਾਰੀਖ-ਇ-ਮੁਹੰਮਦ ਮੁਜ਼ਜ਼ਮ ਬਹਾਦਰ ਸ਼ਾਹ ਗਾਜ਼ੀ-ਬਖਤਾਵਰ ਖਾਨ,*** ਲਿਖਤੀ, 1130 ਹਿਜਰੀ, ਪਪਲਲ, ਵਿੱਚ ਮੌਜੂਦ ਹੈ।

ਸਿੱਖ ਗੁਰੂਆਂ, ਗੁਰੂ ਗੋਬਿੰਦ ਸਿੰਘ ਅਤੇ ਬੰਦਾ ਬਹਾਦਰ ਦਾ ਜ਼ਿਕਰ ਹੈ।

***ਇਮਾਦ-ਅਸ-ਸਾਦਾਤ ਸੱਯਿਦ ਗੁਲਾਮ ਅਲੀ ਖਾਨ***-ਪ੍ਰਕਾਸ਼ਤ 1864 ਈ:, ਨਵਲ ਕਸ਼ੋਰ ਪ੍ਰੈਸ, ਕਵਨਪੁਰ, ਖਕਅ ਵਿੱਚ ਮੌਜੂਦ ਹੈ।

ਸਿੱਖਾਂ, ਗੁਰੂ ਨਾਨਕ, ਖਾਲਸਾ, ਖੁਲਾਸਾ, ਬੰਦਾ ਸਿੰਘ, ਸਿੱਖਾਂ ਦੀ ਸੂਰਮਗਤੀ, ਸਿੱਖਾਂ ਦੇ ਚ੍ਰਿੱਤਰ ਦੀ ਉੱਚਤਾ ਆਦਿ ਦਾ ਜ਼ਿਕਰ ਹੈ।

***ਅਖ਼ਬਾਰ ਦਰਬਾਰ-ਇ-ਮਹਾਰਾਜਾ ਰਣਜੀਤ ਸਿੰਘ***-ਲਿਖਤੀ, ਇਹ ਪੁਰਾਲੇਖ ਵਿਭਾਗ ਪੰਜਾਬ, ਪਟਿਆਲਾ (ਪਵਪਪ) ਵਿੱਚ ਮੌਜੂਦ ਹੈ।

ਇਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੀਆਂ ਖ਼ਬਰਾਂ ਦਰਜ ਹਨ।

***ਇੰਤਖ਼ਾਬ-ਇ-ਅਖ਼ਬਾਰ-ਇ-ਰਿਆਸਤ-ਇ-ਸਿੰਧਿਆ***-ਲਿਖਤੀ, ਬਨਾਰਸ ਹਿੰਦੂ ਯੂਨੀਵਰਸਿਟੀ, ਵਾਰਾਨਸੀ (ਬਹਯਵ);

ਇਸ ਵਿੱਚ ਕਰਨਲ ਸਟਾਰਟ ਦੀ ਸਿੱਖਾਂ ਹੱਥੋਂ ਗ੍ਰਿਫ਼ਤਾਰੀ, ਮਰਹੱਟਾ-ਸਿੱਖ ਸਬੰਧਾਂ ਦਾ ਜ਼ਿਕਰ ਹੈ।

***ਸਿਆਹਤ-ਇ-ਕਸ਼ਮੀਰ***-ਲਿਖਤੀ, ਲਾਲਾ ਗਨੇਸ਼ੀਲਾਲ ਤਸੀਲਦਾਰ, ਮਾਰਚ-ਜੂਨ 1846 ਈ:। ਰਿਸਰਚ ਐਂਡ ਪਬਲੀਕੇਸ਼ਨ ਲਾਇਬ੍ਰੇਰੀ, ਜੰਮੂ-ਕਸ਼ਮੀਰ ਸਰਕਾਰ (ਰਪਲਜਕਸ) ਇਸ ਦਾ ਅੰਗ੍ਰੇਜ਼ੀ ਅਨੁਵਾਦ ਵਿਦਿਆ ਸਾਗਰ ਸੂਰੀ ਨੇ ਕੀਤਾ ਜੋ 1955 ਈ: ਵਿੱਚ ਸ਼ਿਮਲੇ ਛਪੀ। ਇਸ ਵਿੱਚ ਕਸ਼ਮੀਰ ਦੇ ਭੂਗੋਲਿਕ ਹਾਲਾਤ ਅਤੇ ਕਸ਼ਮੀਰ ਦੇ ਆਖਰੀ ਗਵਰਨਰ (ਸਿੱਖ) ਦੇ ਹਾਲਾਤ ਦਰਜ ਹਨ।

***ਸ਼ਾਹ-ਨਾਮਾ***-ਮੀਰ ਮੁਹੰਮਦ ਅਹਿਸਨ ਇਜ਼ਾਦ, ਲਿਖਤੀ, 1131 ਹਿਜਰੀ, ਬਮਲਲਏ



. Sri Satguru Jagjit Singh Ji eLibrary NamdhariElibrary@gmail.com .

ਇਸ ਵਿੱਚ ਬੰਦਾ ਬਹਾਦਰ, ਚਪੜਚਿੜੀ, ਸਰਹਿੰਦ ਦੀ ਜੰਗ, ਲੋਹਗੜ੍ਹ, ਸਢੋਰਾ, ਗੁਰਦਾਸਪੁਰ ਦੀਆਂ ਜੰਗਾਂ ਦਾ ਵਰਨਣ ਹੈ।

***ਸ਼ਾਹ-ਨਾਮਾ-ਇ-ਰਣਜੀਤ ਸਿੰਘ***-ਮੌਲਵੀ ਅਹਿਮਦ ਯਾਰ ਮੀਆਂ, ਇਸ ਦੀ ਸੰਪਾਦਨਾ, ਸਵਰਗਵਾਸੀ ਡਾ: ਗੰਡਾ ਸਿੰਘ ਨੇ ਕਰਕੇ 1951 ਈ: ਵਿੱਚ ਸਹਸਅ ਨੇ ਪ੍ਰਕਾਸ਼ਤ ਕੀਤੀ।

***ਸ਼ੇਰ-ਓ-ਸ਼ਿਕਾਰ***-ਪੰਡਿਤ ਦਿਆ ਰਾਮ, ਲਿਖਤੀ, ਖਕਅ ਅਤੇ ਪਯਲਪ ਵਿੱਚ ਮੌਜੂਦ ਹੈ।

ਇਸ ਵਿੱਚ ਸਿੱਖਾਂ, ਮਹਾਰਾਜਾ ਰਣਜੀਤ ਸਿੰਘ, ਸਿੱਖ ਸਰਦਾਰਾਂ ਆਦਿ ਬਾਰੇ ਜ਼ਿਕਰ ਕੀਤਾ ਗਿਆ ਹੈ।

***ਸ਼ੇਰ ਸਿੰਘ ਨਾਮਾ (ਹਾਲਾਤ-ਇ-ਪੰਜਾਬ)***-ਮੁਹੰਮਦ ਨਕਵੀ ਪਿਸ਼ੇਵਰੀ ਬਿਲ ਮੁੱਲਾ ਖ਼ਵਾਜ਼ਾ ਬਖ਼ਸ਼ੀ, ਲਿਖਤੀ, ਬਮਲਲਏ, ਪਯਲਲ ਅਤੇ ਪਯਲਪ ਵਿੱਚ ਮੌਜੂਦ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ, ਮਹਾਰਾਜਾ ਸ਼ੇਰ ਸਿੰਘ ਦਾ ਕਤਲ, ਮਹਾਰਾਜਾ ਦਲੀਪ ਸਿੰਘ ਬਾਰੇ ਜ਼ਿਕਰ ਅਤੇ ਦਰਬਾਰ ਖ਼ਾਲਸਾ ਦੇ ਚਾਰ ਸਾਲ 1939-43 ਈ: ਦੇ ਹਾਲਾਤ ਦਰਜ ਹਨ।

***ਸ਼ਾਹ ਆਯਾਤ-ਨਾਮਾ***-ਗੁਲਾਮ ਅਲੀ ਖ਼ਾਨ, ਪ੍ਰਕਾਸ਼ਤ, ਦੋ ਭਾਗਾਂ, 1912-14 ਈ:, ਏਸਬਕ, ਇਸ ਦੀਆਂ ਕਾਪੀਆਂ ਖਕਅ ਅਤੇ ਬਮਲਲਏ ਵਿੱਚ ਮੌਜੂਦ ਹਨ।

ਇਸ ਵਿੱਚ ਅਹਿਮਦ ਸ਼ਾਹ ਅਬਦਾਲੀ ਵੱਲੋਂ ਸਿੱਖਾਂ ਤੇ ਹਮਲੇ ਦਾ ਜ਼ਿਕਰ ਹੈ।

***ਸੀਯਰ-ਉਲ-ਮੁਤਾਖ਼ਰੀਨ***-ਗੁਲਾਮ ਹੁਸੈਨ ਖ਼ਾਨ, ਪ੍ਰਕਾਸ਼ਤ, 1897 ਈ:, ਨਵੱਲ ਕਿਸ਼ੋਰ ਪ੍ਰੈਸ, ਕਵੰਨਪੁਰ ਵਿੱਚ ਪ੍ਰਕਾਸ਼ਤ ਹੋਈ।

ਇਸ ਵਿੱਚ ਸਿੱਖ ਗੁਰੂਆਂ, ਸਿੱਖਾਂ, ਬੰਦਾ ਸਿੰਘ ਬਹਾਦਰ, ਗੁਰਦਾਸਪੁਰ ਵਿੱਚ ਘੇਰਾ, ਬੰਦਾ ਬਹਾਦਰ ਅਤੇ ਸਾਥੀ ਸਿੰਘਾਂ ਦਾ ਦਿੱਲੀ ਵਿੱਚ ਕਤਲ ਦਾ ਵਰਨਣ ਹੈ। ਇਸ ਦਾ ਸਿੱਖਾਂ ਨਾਲ ਸਬੰਧਤ ਅਧਿਆਇ ਦਾ ਪੰਜਾਬੀ ਅਨੁਵਾਦ ਸਵਰਗਵਾਸੀ ਡਾ: ਗੰਡਾ ਸਿੰਘ ਨੇ ***'ਫੁਲਵਾੜੀ'*** ਲਾਹੌਰ ਦੇ ਮਾਰਚ-ਅਕਤੂਬਰ 1931 ਵਿੱਚ ***'ਕੁਝ ਕੁ ਪੁਰਾਤਨ ਸਿੱਖ ਇਤਿਹਾਸਕ ਪਤ੍ਰੇ'*** ਸਿਰਲੇਖ ਹੇਠ ਛਾਪ ਦਿੱਤਾ ਸੀ।

***ਹਾਲਾਤ-ਇ-ਮੁਲਤਾਨ***-ਮੁਹੰਮਦ ਯੂਸਫ਼ ਸ਼ਾਹ ਗਾਰਡੇਜ਼ੀ, ਲਿਖਤੀ, 1861 ਈ: ਖਕਅ, ਪਪਲਲ ਵਿੱਚ ਮੌਜੂਦ ਹੈ।



. Sri Satguru Jagjit Singh Ji eLibrary NamdhariElibrary@gmail.com .

ਇਸ ਵਿੱਚ ਸਿੱਖਾਂ ਨੇ ਗੰਡਾ ਸਿੰਘ ਭੰਗੀ ਹੇਠ ਮੁਲਤਾਨ ਨੂੰ ਫ਼ਤਹਿ ਕਰਨਾ, ਸਿੱਖਾਂ ਦਾ ਮੁਲਤਾਨ ਤੋਂ ਨਿਕਲਣਾ, ਮਹਾਰਾਜਾ ਰਣਜੀਤ ਸਿੰਘ ਦੀਆਂ ਮੁਹਿੰਮਾਂ, ਅੰਗ੍ਰੇਜ਼-ਸਿੱਖ ਲੜਾਈਆਂ ਦਾ ਵਰਨਣ ਹੈ।

***ਹਾਲਾਤ-ਇ-ਸਲਤਨਤ-ਇ-ਫ਼ਰਖਸੀਅਰ-ਵਾ-ਮੁਹੰਮਦਸ਼ਾਹ***-ਸ਼ਿਵ ਦਾਸ (ਸੇਵਾ ਦਾਸ) ਲਖਨਵੀ, ਲਿਖਤੀ, 134 ਹਿਜਰੀ। ਬਮਲਏ, ਪਵਪਪ ਵਿੱਚ ਮੌਜੂਦ ਹੈ।

ਇਸ ਵਿੱਚ ਬੰਦਾ ਬਹਾਦਰ ਅਤੇ ਸਾਥੀ ਸਿੰਘਾਂ ਦੀ ਗ੍ਰਿਫ਼ਤਾਰੀ ਅਤੇ ਸ਼ਹਾਦਤ ਦਾ ਜ਼ਿਕਰ ਹੈ। ਇਸ ਵਿੱਚ ਉਸ ਸਿੱਖ ਬੱਚੇ ਦਾ ਜ਼ਿਕਰ ਵੀ ਆਇਆ ਹੈ ਜਿਸ ਦੀ ਮਾਂ ਨੇ ਰਿਹਾਈ ਦਾ ਆਰਡਰ ਲਿਆਂਦਾ ਅਤੇ ਬੱਚੇ ਨੇ ਸ਼ਹਾਦਤ ਕਬੂਲ ਕਰਨੀ ਹੀ ਆਪਣਾ ਧਰਮ ਦੱਸਿਆ। ਇਸ ਦਾ ਉਰਦੂ ਅਨੁਵਾਦ ਏ.ਐਮ. ਦੌਲਾ ਨੇ 1932 ਵਿੱਚ ਕੀਤਾ।

***ਹਾਲ ਮੁਖੱਤਸਰ ਇਬਤਦਾ-ਇ-ਫ਼ਿਰਕਾ-ਇ-ਸਿੱਖਾਂ***-ਲਿਖਤੀ, ਇਹ ਪ੍ਰਯਲਪ ਵਿੱਚ ਮੌਜੂਦ ਹੈ।

ਇਸ ਵਿੱਚ ਸਿੱਖ ਗੁਰੂਆਂ ਅਤੇ ਸਿੱਖਾਂ ਦਾ ਵਰਨਣ ਹੈ।

***ਹਕੀਕਤ-ਇ-ਹਿੰਦੁਸਤਾਨ***-ਲਛਮੀ ਨਾਰਾਇਣ ਸ਼ਫ਼ੀਕ, ਲਿਖਤੀ, 1790 ਈ: ਇਸਕ, ਖਬਲਬਪ ਵਿੱਚ ਮੌਜੂਦ ਹੈ।

ਇਸ ਵਿੱਚ, ਲਾਹੌਰ, ਚੱਕ ਗੁਰੂ ਹਰਿਗੋਬਿੰਦ, ਡੇਰਾ ਬਾਬਾ ਨਾਨਕ ਦਾ ਜ਼ਿਕਰ ਆਇਆ ਹੈ।

***ਹਕੀਕਤ-ਇ-ਬਿਨਾ-ਉਰੂਜ਼-ਇ-ਫ਼ਿਰਕਾ-ਇ-ਸਿੱਖਾਂ***-ਲਿਖਤੀ ਖਕਅ ਵਿੱਚ ਮੌਜੂਦ ਹੈ।

ਇਸ ਵਿੱਚ ਸੰਖੇਪ ਸਿੱਖ ਇਤਿਹਾਸ ਅਤੇ ਭੰਗੀ ਮਿਸਲਾਂ ਦਾ ਵਰਨਣ ਆਇਆ ਹੈ। ਇਸ ਨੂੰ ਆਈ ਬੈਨਰਜੀ ਨੇ ਅੰਗ੍ਰੇਜ਼ੀ ਵਿੱਚ ਅਨੁਵਾਦ ਵੀ ਕੀਤਾ ਹੈ।

***ਹਿਜ਼ਬ-ਇ-ਅਫ਼ਵਾਜ਼-ਇ-ਮਹਾਰਾਜਾ ਰਣਜੀਤ ਸਿੰਘ***-ਲਿਖਤੀ, ਖਬਲਬਪ ਵਿੱਚ ਮੌਜੂਦ ਹੈ।

ਇਹ ਫ਼ਾਰਸੀ ਅਤੇ ਗੁਰਮੁਖੀ ਵਿੱਚ ਹੈ। ਇਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਫ਼ੌਜੀ ਖ਼ਜ਼ਾਨੇ ਦਾ ਹਿਸਾਬ-ਕਿਤਾਬ ਵਿਸਥਾਰ ਨਾਲ ਦਿੱਤਾ ਹੈ। ਖ਼ੂਬਸੂਰਤ ਪਿਆਰੀ ਹੱਥ-ਲਿਖਤ ਨੂੰ ਵਿੱਚ-ਵਿੱਚ ਲਾਲ ਸਿਹਾਈ ਨਾਲ ਲਿਖਿਆ ਹੈ।

***ਹਇਜ਼ੇਬ-ਇ-ਅਫ਼ਵਾਜ਼-ਇ-ਸਰਕਾਰ ਖ਼ਾਲਸਾ-ਦਾਰ-ਪਿਸ਼ੌਵਰ-***



. Sri Satguru Jagjit Singh Ji eLibrary NamdhariElibrary@gmail.com .

ਲਿਖਤੀ, ਇਸ ਵਿੱਚ ਲਾਹੌਰ ਖ਼ਾਲਸਾ ਦਰਬਾਰ ਦੀ ਫੌਜ ਜੋ ਪਿਸ਼ਾਵਰ ਵਿੱਚ ਸੀ, ਦਾ ਹਿਸਾਬ-ਕਿਤਾਬ, 1848 ਈ: ਦਰਜ ਹੈ।

ਹਦੀਕਤ-ਉਲ-ਹਿੰਦ-ਗਜ਼ੀ-ਓ-ਦੀਨ ਅਹਿਮਦ, ਲਿਖਤੀ, ਪਯਲਲ,

ਇਸ ਦੇ ਤੀਜੇ ਅਧਿਆਇ ਵਿੱਚ ਸਿੱਖਾਂ ਦਾ ਵਰਨਣ ਹੈ।

***ਹਦੀਕਤ-ਉਲ-ਅਕਵਾਲਿਮ***-ਮੁਰਤਜ਼ਾ ਹੁਸੈਨ ਅੱਲਾ ਯਾਰ ਉਸਮਾਨੀ ਬੇਲਗ੍ਰਾਮੀ, ਲਿਖਤੀ, 1296 ਹਿਜਰੀ, 1879 ਈ: ਖਕਅ, ਪਪਲਲ ਵਿੱਚ ਕਾਪੀਆਂ ਮੌਜੂਦ ਹਨ। ਇਹ ਬਾਅਦ ਵਿੱਚ ਪ੍ਰਕਾਸ਼ਤ ਵੀ ਹੋਈ।

ਇਸ ਵਿੱਚ ਨਾਨਕ ਸ਼ਾਹੀਆਂ, ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ, ਲੋਹਗੜ੍ਹ ਦਾ ਘੇਰਾ, ਬੰਦਾ ਸਿੰਘ ਦੀ ਗ੍ਰਿਫਤਾਰੀ, ਦਿੱਲੀ ਰਵਾਨਗੀ, ਨਾਨਕ ਮਤਾ, ਗੁਰੂ ਨਾਨਕ, ਮਖੋਵਾਲ, ਕਿਸੇ ਵੀ ਸਿੱਖ ਨੇ ਇਸਲਾਮ ਧਰਮ ਕਬੂਲ ਨਾ ਕੀਤਾ, ਸਿੱਖ ਸਰਹੱਦਾਂ ਦਾ ਵਿਸਥਾਰ ਆਦਿ ਆਇਆ ਹੈ।

***ਕੁਲਿਆਤ-ਇ-ਭਾਈ ਨੰਦ ਲਾਲ ਗੋਇਆ***-ਇਹ ਭਾਈ ਨੰਦ ਲਾਲ ਜੀ ਦੀ ਕ੍ਰਿਤ ਹੈ। ਇਸ ਨੂੰ ਸਿੱਖ ਸੰਗਤ ਮਲਾਕਾ (ਮਲਾਇਆ) ਨੇ 1963 ਵਿੱਚ ਪ੍ਰਕਾਸ਼ਤ ਕੀਤਾ। ਪੰਜਾਬੀ ਅਨੁਵਾਦ ਡਾ: ਜੀਤ ਸਿੰਘ ਸੀਤਲ ਨੇ 1964 ਵਿੱਚ ਕੀਤਾ। ਲਿਖਤ ਪਯਲਪ ਵਿੱਚ ਮੌਜੂਦ ਹੈ।

***ਕਿਤਾਬ ਰਿਆਜ਼-ਉਲ-ਮੁਜ਼ਾਹਿਬ***-ਪੰਡਿਤ ਮੱਥਰਾ ਦਾਸ ਮਾਲਵੀ ਬਨਾਰਸੀ, ਲਿਖਤੀ, ਬਹਯਵ ਵਿੱਚ ਮੌਜੂਦ ਹੈ।

ਇਸ ਵਿੱਚ ਬਹੁਤ ਸਾਰੇ ਧਰਮਾਂ ਦੀ ਜਾਣਕਾਰੀ ਹੈ। ਸਤਿਨਾਮੀ ਅਤੇ ਸਿੱਖਾਂ ਦਾ ਵੀ ਵਰਨਣ ਆਇਆ ਹੈ।

***ਕਸ਼ਮੀਰ ਨਾਮਾ***-ਗਨੈਸ਼ੀ ਲਾਲ, ਲਿਖਤੀ, 1846 ਈ:, ਪਯਲਪ, ਬਮਲਲਏ ਵਿੱਚ ਕਾਪੀਆਂ ਮੌਜੂਦ ਹਨ।

ਇਸ ਵਿੱਚ ਸਿੱਖ ਰਾਜ ਦੇ ਆਖ਼ਰੀ ਦਿਨਾਂ ਦਾ ਇਤਿਹਾਸ ਵਰਨਣ ਹੈ।

***ਖ਼ਜ਼ਾਨਾ-ਇ-ਅਮਰਾ***-ਮੀਰ ਗੁਲਾਮ ਅਲੀ ਅਜ਼ਾਦ, ਪ੍ਰਕਾਸ਼ਤ, ਨਵਲ ਕਿਸ਼ੋਰ ਪ੍ਰੈਸ, ਕਵਨਪੁਰ, 1871 ਅਤੇ 1900, ਕਾਪੀਆਂ ਪਪਲਲ, ਪਯਲਪ ਵਿੱਚ ਮੌਜੂਦ ਹਨ।

ਇਸ ਵਿੱਚ ਬੁਲੰਦ ਖ਼ਾਨ ਅਤੇ ਮੁਰਾਦਖਾਨ ਦੁਰਾਨੀ ਨੂੰ ਸਿੱਖਾਂ ਹੱਥੋਂ ਹਾਰ ਦਾ ਵਰਨਣ, ਸਿੱਖ ਚੜ੍ਹਤ, ਜੱਸਾ ਸਿੰਘ ਵੱਲੋਂ ਰਾਜ ਦਾ ਸਿੱਕਾ ਜਾਰੀ ਕਰਨਾ, ਕੁਪ-ਰਹੀੜਾ (ਵੱਡੇ ਘੱਲੂਘਾਰੇ) ਦੀ ਜੰਗ ਆਦਿ ਦਾ ਜ਼ਿਕਰ ਹੈ।



. Sri Satguru Jagjit Singh Ji eLibrary NamdhariElibrary@gmail.com .

*ਖਾਲਿਸ-ਨਾਮਾ (ਤਾਰੀਖ-ਇ-ਸਿੱਖਾਂ)*-ਰਤਨ ਚੰਦ ਬਲ, ਲਿਖਤੀ, 1846 ਈ: ਪਯਲਲ, ਪਯਲਪ ਵਿੱਚ ਮੌਜੂਦ ਹੈ।

ਇਸ ਵਿੱਚ ਸਿੱਖਾਂ ਦੀ ਤਵਾਰੀਖ਼, ਗੁਰੂ ਨਾਨਕ ਸਾਹਿਬ ਤੋਂ ਲੈ ਕੇ 1844 ਈ: ਤੱਕ ਹਾਲਾਤ ਦਰਜ ਹਨ।

*ਖਾਲਸਾ-ਨਾਮਾ*-ਬਖਤ ਮੱਲ, ਲਿਖਤੀ, 1810-1814 ਈ: ਖਕਅ ਤੇ ਪਯਲਪ ਵਿੱਚ ਮੌਜੂਦ ਹੈ।

ਇਸ ਵਿੱਚ ਸਿੱਖਾਂ ਦਾ ਵਿਸਥਾਰ ਨਾਲ ਜ਼ਿਕਰ ਹੈ।

*ਖ਼ੁਲਾਸਾ-ਤੂ-ਤਵਾਰੀਖ਼*-ਸੁਜਾਨ ਰਾਇ ਭੰਡਾਰੀ, ਲਿਖਤੀ,

ਇਸ ਵਿੱਚ ਨਾਨਕਮਤਾ, ਚੱਕ ਗੁਰੂ ਹਰਿਗੋਬਿੰਦ, ਗੁਰੂ ਨਾਨਕ, ਮਖੋਵਾਲ, ਗੁਰੂ ਅਰਜਨ ਸਾਹਿਬ ਅਤੇ ਅਕਬਰ, ਗੋਇੰਦਵਾਲ, ਗੁਰੂ ਹਰਿਰਾਇ ਵੱਲੋਂ ਦਾਰਾ ਸ਼ਿਕੋਹ ਨੂੰ ਮਦਦ।

ਇਸ ਦਾ ਸੰਪਾਦਨ ਮੌਲਵੀ ਜ਼ਫ਼ਰ ਹਸਨ ਨੇ ਕੀਤਾ ਸੀ। ਜੀ. ਐਂਡ ਸੰਨਜ਼ ਪ੍ਰੈਸ, ਦਿੱਲੀ ਨੇ 1981 ਵਿੱਚ ਛਾਪਿਆ, ਇਸ ਦੀਆਂ ਲਿਖਤਾਂ ਖਕਅ ਅਤੇ ਪਪਲਲ ਵਿੱਚ ਮੌਜੂਦ ਹਨ। ਸਿੱਖਾਂ ਨਾਲ ਸਬੰਧਤ ਅਧਿਆਇ ਦਾ ਪੰਜਾਬੀ ਅਨੁਵਾਦ ਡਾ:ਗੰਡਾ ਸਿੰਘ ਨੇ ਕਰਕੇ *'ਫੁਲਵਾੜੀ'* ਲਾਹੌਰ ਵਿੱਚ 1931 ਵਿੱਚ ਛਾਪਿਆ ਸੀ।

ਇਸ ਦਾ ਅਨੁਵਾਦ ਪੰਜਾਬੀ ਵਿੱਚ ਰਣਜੀਤ ਸਿੰਘ ਗਿੱਲ ਤੇ ਸੰਪਾਦਨਾ ਡਾ: ਫੌਜਾ ਸਿੰਘ ਨੇ ਕੀਤਾ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਸਤੰਬਰ 1972 ਵਿੱਚ ਛਾਪਿਆ ਹੈ।

*ਗੋਸ਼ਵਾਰਜਾਤ ਦਰਬਾਰ ਖ਼ਾਲਸਾ*-ਹੱਥ ਲਿਖਤੀ, ਦੋ ਭਾਗ, ਪਯਲਲ, ਵਿੱਚ ਮੌਜੂਦ ਹੈ।

ਇਸ ਵਿੱਚ ਸਿੱਖ ਸਰਕਾਰ ਦੇ ਅੰਕ-ਗਿਣਤ, ਫ਼ੌਜੀ ਥਾਵਾਂ, ਜ਼ਮੀਨ, ਸਿੱਖ ਜ਼ਿਲ੍ਹਿਆਂ ਆਦਿ ਦਾ ਹਿਸਾਬ-ਕਿਤਾਬ ਦਰਜ ਹੈ।

*ਗੁਲਾਬ ਨਾਮਾ*-ਦੀਵਾਨ ਕ੍ਰਿਪਾ ਰਾਮ, ਪ੍ਰਕਾਸ਼ਤ, 1832 ਬਿਕ੍ਰਮੀ, 1975 ਈ:, ਰਣਬੀਰ ਪ੍ਰਕਾਸ਼ ਪ੍ਰੈਸ, ਜੰਮੂ, ਤੋਫ਼ਾਏ ਕਸ਼ਮੀਰ ਪ੍ਰੈਸ, ਸ੍ਰੀ ਨਗਰ, 1935 ਬਿ.

ਇਸ ਵਿੱਚ ਪੰਜਾਬ ਦਾ ਇਤਿਹਾਸ, ਮਹਾਰਾਜਾ ਰਣਜੀਤ ਸਿੰਘ ਤੋਂ ਲੈ ਕੇ 1846 ਈ: ਤੱਕ ਤਵਾਰੀਖ਼ ਦਰਜ ਹੈ। ਖੜਕ ਸਿੰਘ, ਨੌਨਿਹਾਲ ਸਿੰਘ ਤੇ ਸਿੱਖ ਫ਼ੌਜੀਆਂ ਦੀ 1841 ਬਗਾਵਤ ਦਾ ਜ਼ਿਕਰ ਹੈ। ਖਕਅ, ਪਪਲਲ, ਪਯਲਲ ਅਤੇ ਪਯਲਪ ਵਿੱਚ ਮੌਜੂਦ ਹੈ। ਰਲਜ (ਰਣਬੀਰ ਲਾਇਬ੍ਰੇਰੀ, ਜੰਮੂ) ਜੰਮੂ ਵਿੱਚ ਵੀ ਹੈ।



. Sri Satguru Jagjit Singh Ji eLibrary NamdhariElibrary@gmail.com .

*ਗੁਲਜ਼ਾਰ-ਇ-ਕਸ਼ਮੀਰ*-ਦੀਵਾਨ ਕ੍ਰਿਪਾ ਰਾਮ, 1870 ਈ: ਪ੍ਰਕਾਸ਼ਤ, ਕੋਹਿਨੂਰ ਪ੍ਰੈਸ ਲਾਹੌਰ, ਪਪਲਲ, ਜਾਮਿਆ ਮਿਲਿਆ ਇਸਲਾਮੀਆ, ਦਿੱਲੀ (ਜਮਏਦ) ਮੌਜੂਦ ਹੈ।

ਇਸ ਵਿੱਚ ਕਸ਼ਮੀਰ ਦੀ ਸਿਆਸੀ, ਆਰਥਿਕ, ਖੇਤੀਬਾੜੀ, ਬਾਗ਼ਵਾਨੀ, ਵਪਾਰ ਆਦਿ ਦੀ ਤਫ਼ਸੀਲ ਦਰਜ ਹੈ। ਇਸ ਵਿੱਚ ਬਹੁਤੇ, ਅੰਕੜੇ 'ਤਾਰੀਖ-ਇ-ਕਲਾਂ-ਇ-ਕਸ਼ਮੀਰ' ਲਿਖਤ ਤੋਂ ਲਿਆ ਗਿਆ ਹੈ।

*ਗੁਲਸ਼ਨ-ਇ-ਬਹਾਰ*-ਲਿਖਤੀ, ਬਮਲਏ ਵਿੱਚ ਮੌਜੂਦ ਹੈ।

ਇਸ ਵਿੱਚ ਪੰਜਾਬ ਦੇ ਸਿੱਖਾਂ ਦਾ ਵਰਨਣ ਹੈ। ਇਸ ਨੂੰ ਮੁਨਸ਼ੀ ਜਸਵੰਤ ਰਾਇ ਨੇ ਲਿਖਿਆ ਹੈ।

*ਸ਼ਾਹਨਾਮਾ-ਇ-ਰਣਜੀਤ ਸਿੰਘ*-ਮੌਲਵੀ ਅਹਿਮਦ ਯਾਰ, ਪ੍ਰਕਾਸ਼ਤ, ਸਹਸਅ ਵੱਲੋਂ 1951 ਵਿੱਚ ਛਪਿਆ ਹੈ।

ਇਸ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਹਾਲ ਦਰਜ ਹੈ।

*ਕੈਫ਼ਿਆਤ-ਓ-ਕਾਰਨਾਮਾ-ਜਾਤ, ਸਰ ਗੋਸ਼ਿਸਤ-ਇ-ਬੁਜ਼ਰਗਾਨ-ਇ-ਸਾਹਿਬ-ਇ-ਰਿਆਸਤ-ਇ-ਟਿਵਾਣਾ*-ਲਿਖਤੀ, ਫ਼ਰਵਰੀ 1864 ਈ:, ਪਯਲਪ ਵਿੱਚ ਮੌਜੂਦ ਹੈ।

ਇਸ ਵਿੱਖ ਖ਼ਾਲਸੇ ਦੀਆਂ ਮੁੱਢਲੀਆਂ ਜਿੱਤਾਂ, ਸਰਦਾਰ ਮਹਾਂ ਸਿੰਘ ਸ਼ੁਕਰਚੱਕੀਏ ਹੇਠ ਹੋਈਆਂ ਤਫ਼ਸੀਲਾਂ ਦਰਜ ਹਨ। ਟਿਵਾਣਿਆਂ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੀ ਸਹਾਇਤਾ, ਦੂਜੀ ਸਿੱਖ ਜੰਗ ਅਤੇ ਹਿੰਦੁਸਤਾਨ ਦੀ 1857 ਗਦਰ ਵਿੱਚ ਉਨ੍ਹਾਂ ਦੀ ਭੂਮਿਕਾ ਬਾਰੇ ਚਾਨਣਾ ਪਾਇਆ ਗਿਆ ਹੈ।

*ਚਾਰ ਗੁਲਸ਼ਨ-ਇ-ਪੰਜਾਬ (ਚਾਰ ਬਾਗ-ਇ-ਪੰਜਾਬ)*-ਲਿਖਤੀ, 1855 ਈ: ਇਹ ਲਿਖਤ ਖਕਅ ਅਤੇ ਪਯਲਪ ਵਿੱਚ ਮੌਜੂਦ ਹੈ। ਲੇਖਕ ਗਨੇਸ਼ ਦਾਸ ਬਡੇਰਾ ਹੈ। ਇਸ ਵਿੱਚ ਪੰਜਾਬ ਅਤੇ ਸਿੱਖਾਂ ਦਾ ਇਤਿਹਾਸ ਦਰਜ ਹੈ।

*ਚਾਰ ਬਾਗ-ਇ-ਪੰਜਾਬ*-ਗਨੇਸ਼ ਦਾਸ ਬਡੇਰਾ, ਕਨੂੰਨਗੋ, ਗੁਜਰਾਤ, ਲਿਖਤੀ, ਇਸ ਵਿੱਚ ਪੰਜਾਬ ਦਾ ਇਤਿਹਾਸ 1846 ਤੱਕ ਦਰਜ ਹੈ। ਖਕਅ ਵਿੱਚ ਮੌਜੂਦ ਹੈ।

*ਚਾਰ ਗੁਲਸ਼ਨ ਅਖ਼ਬਾਰ-ਉਲ-ਨਵਾਦਾਰ*-ਰਾਇ ਚਤਰਮਨ, ਲਿਖਤੀ, 1173 ਹਿਜਰੀ, (1759 ਈ:), ਇਹ ਹੈਦਰਾਬਾਦ ਸਟੇਟ ਲਾਇਬ੍ਰੇਰੀ, ਹੈਦਰਾਬਾਦ (ਹਸਲਹ) ਵਿੱਚ ਮੌਜੂਦ ਹੈ।



. Sri Satguru Jagjit Singh Ji eLibrary NamdhariElibrary@gmail.com .

ਇਸ ਦੇ ਚੌਥੇ ਅਧਿਆਇ ਵਿੱਚ ਸਿੱਖਾਂ ਦੀਆਂ ਮੁੱਢਲੀਆਂ ਜਿੱਤਾਂ, ਨਾਨਕ ਮਤਾ, ਚੱਕ ਗੁਰੂ ਨਾਨਕ (ਅੰਮ੍ਰਿਤਸਰ), ਨਾਨਕ ਪੰਥੀਆਂ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਮਾਤਾ ਸੁੰਦਰੀ ਦੇ ਪਾਲਤ ਅਜੀਤ ਸਿੰਘ, ਉਸ ਦਾ ਦੇਹਾਂਤ, ਹੱਠੀ ਸਿੰਘ ਨੂੰ ਮਥਰਾ ਤੋਂ ਕੱਢਣਾ, ਮਾਤਾ ਸਾਹਿਬ ਦੇਵੀ ਆਦਿ ਬਾਰੇ ਵਿਸਥਾਰ ਨਾਲ ਵਰਨਣ ਆਇਆ ਹੈ।

***ਚਾਰ ਗੁਲਸ਼ਨ-ਇ-ਸੁਜ਼ਾ-ਇ-ਤਾਰੀਖ਼***-ਲਿਖਤੀ, ਖਕਅ ਵਿੱਚ ਮੌਜੂਦ ਹੈ। ਇਸ ਵਿੱਚ ਸਿੱਖਾਂ ਦੇ ਅਪਰ ਗੰਗਾ-ਜਮਨਾ ਦੁਆਬ, ਮੇਰਠ ਆਦਿ ਉੱਤੇ ਹਮਲਿਆਂ ਅਤੇ ਮਹਾਰਾਜਾ ਰਣਜੀਤ ਸਿੰਘ ਨੂੰ ਸਹਾਇਤਾ ਦਾ ਜ਼ਿਕਰ ਹੈ।

***ਜ਼ਿਕਰ-ਇ-ਸੁਲਤਾਨੀ***-1281 ਹਿਜਰੀ, ਪ੍ਰਕਾਸ਼ਕ ਕਾਰਖ਼ਾਨਾ-ਇ-ਅਹਿਮਦੀ, ਬੰਬਈ, 1881 ਈ:, ਇਸ ਦਾ ਲੇਖਕ ਸੁਲਤਾਨ ਮੁਹੰਮਦ ਖ਼ਾਨ ਦੁਰਾਨੀ ਹੈ।

ਇਸ ਵਿੱਚ ਆਲ੍ਹਾ ਸਿੰਘ ਦਾ ਮੁਗਲਾਂ ਵੱਲ ਹੋਣਾ, ਸਿੱਖਾਂ ਦਾ ਕਤਲੇਆਮ, ਦਰਬਾਰ ਸਾਹਿਬ ਅਤੇ ਅੰਮ੍ਰਿਤਸਰ ਨੂੰ ਢਹਿਢੇਰੀ ਕਰਨਾ, ਕੁਪ ਰਹੀੜਾ ਦੀ ਜੰਗ, ਮਹਾਰਾਜਾ ਰਣਜੀਤ ਸਿੰਘ, ਸਿੱਖਾਂ ਦਾ ਕਸ਼ਮੀਰ ਤੇ ਅਟਕ ਨੂੰ ਫ਼ਤਹਿ ਕਰਨਾ, ਕੋਹਿਨੂਰ ਹੀਰੇ ਆਦਿ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਹੈ।

***ਜਵਾਹਰ ਨਾਮਾ***-ਮੀਰ ਤਿਆਬ-ਉੱਲਾ-ਰੋਹਤਾਸੀ, ਲਿਖਤੀ,

ਇਸ ਵਿੱਚ ਸ਼ੇਰ ਸਿੰਘ ਦੇ ਅਹਿਦ ਬਾਰੇ ਇਕ ਵੱਡੀ ਕਵਿਤਾ ਦਰਜ ਹੈ।

***ਜ਼ਿੰਦਗੀਨਾਮਾ***-ਭਾਈ ਨੰਦ ਲਾਲਾ ਗੋਇਆ, ਇਸ ਵਿੱਚ ਤੋਸੀਫ਼-ਇ-ਸਨਾ, ਗੰਜ-ਨਾਮਾ, ਜੋਤ ਬਿਕਾਸ, ਦੀਵਾਨ-ਇ-ਗੋਇਆ, ਦਸਤੂਰ-ਉਲ-ਇਨਸ਼ਾ, ਅਰੰਜ਼-ਉਲ-ਅਲਫ਼ਾਜ਼, ਖਾਤਿਮਾ। ਇਹ ਸਾਰੇ ਲਿਖਤੀ ਰੂਪ ਵਿੱਚ ਪਯਲਪ ਵਿੱਚ ਮੌਜੂਦ ਹਨ। ਡਾ: ਗੰਡਾ ਸਿੰਘ ਨੇ ਇਹਨਾਂ ਨੂੰ ***'ਕੁਲਿਆਤ-ਇ-ਭਾਈ ਨੰਦ ਲਾਲ ਗੋਇਆ'*** ਹੇਠ ਸੰਪਾਦਨ ਕੀਤਾ ਅਤੇ 1963 ਈ: ਨੂੰ ਸਿੱਖ ਸੰਗਤ, ਮਲਕਾ ਨੇ ਛਾਪਿਆ।

***ਜ਼ਫਰਨਾਮਾ-ਇ-ਰਣਜੀਤ ਸਿੰਘ (ਰਣਜੀਤ ਨਾਮਾ)***-ਰਾਇ ਬਹਾਦਰ ਕਨ੍ਹਯਾ ਲਾਲ ਹਿੰਦੀ, ਮੁਸਤਫ਼ੀ ਪ੍ਰੈਸ ਲਾਹੌਰ, 1876 ਈ: ਪਯਲਲ, ਪਪਲਲ, ਖਕਅ ਅਤੇ ਪਯਲਪ ਵਿੱਚ ਮੌਜੂਦ ਹੈ।

ਇਸ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਹਾਲ ਦਰਜ ਹੈ। ਇਸ ਦਾ ਕ੍ਰਿਪਾਲ ਸਿੰਘ ਦਵਾਰਾ ਪੰਜਾਬੀ ਅਨੁਵਾਦ ਕਰਕੇ 1983 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਛਾਪਿਆ ਹੈ।



Sri Satguru Jagjit Singh Ji eLibrary NamdhariElibrary@gmail.com

*ਜ਼ਫ਼ਰਨਾਮਾ ਮੁਅਈਨ ਦੀਨ (ਮੰਨੂ)* - ਗੁਲਾਮ ਮੁਹਈਯੁੱਦੀਨ ਖਾਨ, ਹੱਥ ਲਿਖਤ

ਇਸ ਵਿੱਚ ਅਬਦਾਲੀ ਨਾਲ ਸਿੱਖਾਂ ਦੀ ਝੜੱਪ ਦਾ ਜ਼ਿਕਰ ਹੈ, ਸਿੱਖਾਂ ਅਬਦਾਲੀ ਦਾ ਸਾਮਾਨ ਲੁੱਟਿਆ ਅਤੇ ਮੁੜ-ਮੁੜ ਉਸ 'ਤੇ ਹਮਲੇ ਕੀਤੇ। ਬਹੁਤ ਇਤਿਹਾਸ ਕਵਿਤਾ ਵਿੱਚ ਹੈ। ਸਿੱਖਾਂ ਨੇ ਮਾਨੂੰਪੁਰ ਨਜ਼ਦੀਕ ਸਰਹਿੰਦ ਵਿਖੇ ਅਬਦਾਲੀ ਨੂੰ ਲੱਕ ਤੋੜਵੀਂ ਹਾਰ ਦਿੱਤੀ।

*ਜ਼ਫ਼ਰਨਾਮਾ-ਇ-ਰਣਜੀਤ ਸਿੰਘ*-ਦੀਵਾਨ ਅਮਰ ਨਾਥ, ਸੀਤਾ ਰਾਮ ਕੋਹਲੀ ਨੇ 1928 ਵਿੱਚ ਸੰਪਾਦਨ ਕਰਕੇ ਯੂਨੀਵਰਸਿਟੀ ਆਫ਼ ਪੰਜਾਬ, ਲਾਹੌਰ ਨੇ ਛਾਪਿਆ ਸੀ।

ਇਸ ਵਿੱਚ ਮਹਾਰਾਜਾ ਰਣਜੀਤ ਸਿੰਘ, ਦਰਬਾਰੇ-ਖ਼ਾਲਸਾ ਬਾਰੇ ਕਾਫ਼ੀ ਵਰਨਣ ਮਿਲਦਾ ਹੈ।

*ਜ਼ਫ਼ਰਨਾਮਾ*-ਪ੍ਰਕਾਸ਼ਤ, ਗੁਰੂ ਗੋਬਿੰਦ ਸਿੰਘ, ਇਸ ਵਿੱਚ ਗੁਰੂ ਸਾਹਿਬ ਵਲੋਂ ਫਾਰਸੀ 'ਚ ਲਿਖੀ ਬਾਦਸ਼ਾਹ ਔਰੰਗਜ਼ੇਬ ਆਲਮਗੀਰੀ ਵੱਲ ਚਿੱਠੀ ਹੈ। ਇਸ ਦੀਆਂ ਕਈ ਪੰਜਾਬੀ ਅਤੇ ਅੰਗ੍ਰੇਜ਼ੀ ਛਾਪਾਂ ਛਪ ਚੁੱਕੀਆਂ ਹਨ।

*ਜਾਮ-ਏ-ਅਲਪ-ਸਿਫ਼ਤ, ਜਾਮਏ-ਤੁ-ਤਵਾਰੀਖ਼*-ਮੁਹੰਮਦ ਤਬਰੇਜ਼ੀ ਇਨਫ਼ਾਨੀ, ਅਬੂ ਤਾਲਬ, ਲਿਖਤੀ, 1208 ਹਿਜਰੀ, ਅਹਿਲਾਬਾਦ ਯੂਨੀਵਰਸਿਟੀ ਲਾਇਬ੍ਰੇਰੀ (ਅਯਲ)

ਇਸ ਦੇ ਅਧਿਆਇ ਚਾਰ ਵਿੱਚ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ, ਬੰਦਾ ਸਿੰਘ, ਜੱਸਾ ਸਿੰਘ ਆਹਲੂਵਾਲੀਆ ਅਤੇ ਹੋਰ ਸਿੱਖਾਂ ਦੀ ਤਫ਼ਸੀਲ ਦਰਜ ਹੈ।

*ਜਨਮ ਸਾਖੀ, ਸਵਾਨ-ਇ-ਉਮਰੀ ਗੁਰੂ ਨਾਨਕ ਸਾਹਿਬ*-ਖਵਾਜਾ ਅਬਦੁਲ ਹਕੀਮ ਖ਼ਾਨ, ਲਿਖਤੀ, ਬਮਲਲਏ ਵਿੱਚ 24414 ਨੰਬਰ ਹੇਠ ਦਰਜ ਹੈ।

ਇਸ ਵਿੱਚ ਗੁਰੂ ਨਾਨਕ ਜੀ ਦੇ ਜੀਵਨ ਅਤੇ ਧਰਮ ਬਾਰੇ ਜ਼ਿਕਰ ਹੈ। ਇਹ ਅਸਲੋਂ ਪੰਜਾਬੀ ਤੇ ਫ਼ਾਰਸੀ ਵਿੱਚ ਆਗਿਆ ਰਾਮ ਨਾਨਕਪੰਥੀ ਦਰਵੇਸ਼ ਦੇ ਸਹਿਯੋਗ ਨਾਲ ਅਨੁਵਾਦ ਹੋਇਆ ਹੈ।

*ਜੰਗ ਨਾਮਾ*-ਕਾਜ਼ੀ ਨੂਰ ਮੁਹੰਮਦ, ਲਿਖਤੀ, 1764-65 ਈ:

ਜਿਸ ਦੀ ਇਕ ਕਾਪੀ ਕੋਹਟਾ, ਗੇਜ਼ਟਰ ਦਫ਼ਤਰ ਵਿੱਚ ਮੌਜੂਦ ਸੀ ਜਿਸ ਦੀ ਕਾਪੀ ਸਵਰਗਵਾਸੀ ਸ੍ਰ: ਕਰਮ ਸਿੰਘ ਹਿਸਟੋਰੀਅਨ ਨੇ 1906 ਈ: ਵਿੱਚ ਕੀਤੀ ਸੀ। ਡਾ: ਬਲਬੀਰ ਸਿੰਘ ਲਾਇਬ੍ਰੇਰੀ ਦੇਹਰਾਦੂਨ (ਬਸਲਦ) ਅਤੇ ਪਜਲਪ ਵਿੱਚ ਮੌਜੂਦ ਹਨ। ਖਕਅ ਵਿੱਚ ਵੀ ਮੌਜੂਦ ਹੈ। ਇਹ 1935 ਵਿੱਚ ਛਪ ਗਿਆ ਸੀ।



. Sri Satguru Jagjit Singh Ji eLibrary NamdhariElibrary@gmail.com .

*ਜੰਗ-ਇ-ਬਹਾਦਰ ਸ਼ਾਹੀ*-ਲਿਖਤੀ, 1126 ਹਿਜਰੀ, ਪਪਲਲ ਵਿੱਚ ਮੌਜੂਦ ਹੈ।

ਇਸ ਵਿੱਚ ਸਿੱਖਾਂ ਦੀਆਂ ਵਜ਼ੀਰ ਖ਼ਾਨ ਨਾਲ ਲੜਾਈਆਂ, ਬੰਦਾ ਬਹਾਦਰ ਖ਼ਿਲਾਫ਼ ਖਾਨ-ਇ-ਖਨਾਨ ਦੀ ਜਦੋਜਹਿਦ ਦਾ ਵਰਨਣ ਹੈ।

*ਜਾਮਿ-ਓਤੁ-ਤਵਾਰੀਖ*-ਕਾਜ਼ੀ ਫ਼ਕੀਰ ਮੁਹੰਮਦ, ਪ੍ਰਕਾਸ਼ਤ ਕਲਕੱਤਾ 1836, ਨੱਵਲ ਕਸ਼ੋਰ ਪ੍ਰੈਸ, ਕੰਵਨਪੁਰ, 1974

ਇਸ ਵਿੱਚ ਸਿੱਖ ਗੁਰੂਆਂ, ਬੰਦਾ ਬਹਾਦਰ ਅਤੇ ਸਾਥੀਆਂ ਦੀ ਸ਼ਹਾਦਤ ਦਾ ਵਰਨਣ ਹੈ।

*ਜ਼ਿਕਰ-ਇ-ਗੁਰਾਂ-ਵਾ-ਇਬੱਤਦਾ-ਇ-ਸਿੱਖਾਂ-ਵਾ-ਮਜ਼ਹਬ-ਇ-ਏਸ਼ਾ*-ਅਹਿਮਦ ਸ਼ਾਹ ਬਟਾਲੀਆ, ਲਿਖਤੀ।

ਇਸ ਉਪਰ ਦਰਜ ਲਿਖਤ ਦਾ ਇਕ ਖੰਡ ਸੋਹਨ ਲਾਲ ਸੂਰੀ ਦੀ '*ਉਮਦਾ ਉਤ-ਤਵਾਰੀਖ਼*' ਦੇ ਪਹਿਲੇ ਭਾਗ ਵਿੱਚ ਅੰਤਿਕਾ ਵਿੱਚ ਦਰਜ ਹੈ।

ਇਸ ਵਿੱਚ ਗੁਰੂ ਸਾਹਿਬਾਨ, ਬੰਦਾ ਬਹਾਦਰ, ਸਿੱਖ ਮਿਸਲਾਂ, ਸ੍ਰ: ਚੜ੍ਹਤ ਸਿੰਘ, ਮਹਾਰਾਜਾ ਰਣਜੀਤ ਸਿੰਘ ਤੋਂ 1880 ਬਿਕ੍ਰਮੀ ਤੱਕ ਹਾਲ ਦਰਜ ਹੈ।

'ਉਮਦਾ-ਉਤ-ਤਵਾਰੀਖ' (ਪੰਜ ਭਾਗ) ਨੂੰ ਅਮਰਵੰਤ ਸਿੰਘ ਨੇ ਪੰਜਾਬੀ ਅਨੁਵਾਦ ਕਰਕੇ ਸੰਪਾਦਨਾ ਜੇ.ਐਸ.ਗਰੇਵਾਲ ਅਤੇ ਇੰਦੂ ਬਾਂਗਾ ਨੇ ਕੀਤੀ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ 2001 ਵਿੱਚ ਪ੍ਰਕਾਸ਼ਤ ਕਰ ਦਿੱਤੀ ਹੈ।

*ਤਫ਼ਰੀਹ-ਅਲਵ-ਇਮਾਰਤ*-ਲਿਖਤੀ, ਖਬਲਬਪ, ਖਕਅ ਵਿੱਚ ਮੌਜੂਦ।

ਸਿੱਖ ਅਤੇ ਜੱਟਾਂ ਤੇ ਮਿਰਜ਼ਾ ਨਜਫ਼ ਖ਼ਾਨ ਦੀ ਚੜ੍ਹਾਈ ਦਾ ਜ਼ਿਕਰ ਹੈ। ਇਸ ਦਾ ਲੇਖਕ ਲਾਲਾ ਸਿਲ ਚੰਦ ਹੈ।

*ਤਜ਼ਕੀਰਾਤ-ਉਲ-ਉਮਰਾ*-ਲਿਖਤੀ, 1830 ਈ: ਬਮਲਲਏ ਵਿੱਚ ਹੈ।

ਇਤਿਹਾਸਕ ਨੁਕਤੇ-ਨਿਗਾਹ ਤੋਂ ਸਿੱਖ ਸਰਦਾਰਾਂ, ਮਹਾਰਾਜਾ ਰਣਜੀਤ ਸਿੰਘ, ਰਾਜਾ ਸੰਗਤ ਸਿੰਘ ਜੀਂਦ, ਰਾਜਾ ਕਰਮ ਸਿੰਘ ਪਟਿਆਲਾ, ਕੈਂਥਲ, ਸ੍ਰ:ਫ਼ਤਹਿ ਸਿੰਘ ਥਨੇਸਰ, ਸ੍ਰ: ਹਰੀ ਸਿੰਘ ਖ਼ਾਲਾਸੀ, ਰਾਣੀ ਆਫ਼ ਸ੍ਰ: ਰੂਪ ਸਿੰਘ ਬਹਾਦਰ, ਸ੍ਰ: ਅਜੀਤ ਸਿੰਘ ਲਡਵਾ, ਸ੍ਰ: ਗੁਰਦਿੱਤ ਸਿੰਘ ਜਗਾਧਰੀ, ਸ੍ਰ: ਸ਼ੇਰ ਸਿੰਘ ਬੂਗ ਆਦਿ ਦਾ ਤਫ਼ਸ਼ੀਲੀ ਵਰਨਣ ਹੈ।

*ਤਾਰੀਖ਼-ਇ-ਮੁਲਕ-ਇ-ਹਜ਼ਾਰਾ*-ਲਿਖਤੀ, ਬਹਯਵ, ਏਸਕ ਵਿੱਚ ਮੌਜੂਦ



. Sri Satguru Jagjit Singh Ji eLibrary NamdhariElibrary@gmail.com .

ਹੈ। ਲੇਖਕ ਮਹਿਤਾਬ ਸਿੰਘ ਕਿਆਸਤ ਸੀ। ਇਹ ਕਾਈ ਘਟਨਾਵਾਂ ਦਾ ਚਸ਼ਮਦੀਦ ਗਵਾਹ ਹੈ। ਇਸ ਵਿੱਚ ਹਜ਼ਾਰੇ ਦੀ ਤਫ਼ਸੀਲ 1819 ਤੋਂ ਲੈ ਕੇ 1849 ਈ: ਤੱਕ ਦਰਜ ਹੈ।

***ਤਾਰੀਖ਼-ਇ-ਬਹਾਦਰ ਸ਼ਾਹੀ (ਤਾਰੀਖ਼-ਇ-ਮੁਹੰਮਦ ਸ਼ਾਹੀ ਨਾਦੀਰ-ਉਜ਼-ਜ਼ਮਾਨੀ)***-ਖੁਸ਼ਹਾਲ ਚੰਦ, ਲਿਖਤੀ, 1161 ਹਿਜਰੀ, ਬਮਲਲਦ, ਪਪਲਲ ਵਿੱਚ ਮੌਜੂਦ ਹੈ।

ਇਸ ਵਿੱਚ ਬੰਦਾ ਬਹਾਦਰ ਤੇ ਸਿੱਖਾਂ ਦਾ ਦਿੱਲੀ ਵਿੱਚ ਕਤਲੇਆਮ ਦਾ ਜ਼ਿਕਰ ਹੈ। ਬਹਾਦਰ ਸਿੱਖ ਬੱਚੇ ਦੀ ਸ਼ਹਾਦਤ ਦਾ ਜ਼ਿਕਰ ਹੈ ਜਿਸ ਨੇ ਰਿਹਾਈ ਦਾ ਹੁਕਮ ਠੁਕਰਾ ਦਿੱਤਾ ਸੀ।

***ਤਵਾਰੀਖ਼-ਇ-ਸਿੱਖਾਂ (ਕਿਤਾਬ-ਇ-ਤਵਾਰੀਖ਼-ਇ-ਪੰਜਾਬ, ਗੋਜਾਰਸ਼-ਇ-ਅਹਿਵਾਲ-ਇ-ਫ਼ਿਰਕਾ-ਇ-ਸਿੱਖਾਂ)***-ਖੁਸ਼ਵਕਤ ਰਾਇ, ਲਿਖਤੀ, 1869 ਬਿਕ੍ਰਮੀ, ਪਪਲਲ, ਖਕਅ, ਪਜਲਪ ਵਿੱਚ ਮੌਜੂਦ ਹੈ।

ਸਿੱਖਾਂ ਦਾ ਮੁੱਢਲਾ ਇਤਿਹਾਸ 1811 ਈ: ਤੱਕ ਦਰਜ ਹੈ। ਡਾ: ਗੰਡਾ ਸਿੰਘ ਕੋਲ ਉਰਦੂ ਅਨੁਵਾਦ ਮੌਜੂਦ ਸੀ ਜੋ ਹੁਣ ਪਜਲਪ ਵਿੱਚ ਹੈ।

***ਤਗੀਨ-ਉਲ-ਗਾਫ਼ਾਲਿਨ***-ਸਦਾ ਸੁੱਖ ਨਿਆਜ਼ ਦਿਹੱਲਵੀ, ਲਿਖਤੀ, 1850 ਈ: ਬਮਲਲਦ ਵਿੱਚ ਹੈ।

ਇਸ ਵਿੱਚ ਨਾਨਕ ਸ਼ਾਹੀਆਂ ਦਾ ਵਰਨਣ ਹੈ।

***ਤਾਰੀਖ਼-ਇ-ਕੋਹਿਨੂਰ***-ਸਈਦ ਨੂਰ-ਉ-ਦੀਨ ਮੁਹੰਮਦ ਬੁਖਾਰੀ ਫ਼ਕੀਰ, ਇਸ ਵਿੱਚ ਕੋਹਿਨੂਰ ਦਾ ਇਤਿਹਾਸ ਦਰਜ ਹੈ। ਪੰਜਾਬੀ ਅਦਬੀ ਅਕੈਡਮੀ ਲਾਹੌਰ ਨੇ 1958 ਈ: ਵਿੱਚ ਪ੍ਰਕਾਸ਼ਤ ਕੀਤੀ ਹੈ।

***ਤਾਰੀਖ਼-ਇ-ਸਿੰਘਾਂ***-ਪੰਡਿਤ ਰਾਜਾ ਰਾਮ ਕੌਲ ਤੋਤਾ, ਲਿਖਤੀ, 1853 ਈ: ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ (ਮਯਸਪ) ਕੋਲ ਸੀ।

ਇਸ ਵਿੱਚ ਸਿੱਖ ਇਤਿਹਾਸ ਗੁਰੂ ਨਾਨਕ ਤੋਂ ਲੈ ਕੇ 1849 ਈ: ਤੱਕ ਦਰਜ ਹੈ।

***ਤਾਰੀਖ਼-ਇ-ਕਸ਼ਮੀਰ***-ਮੁਹੰਮਦ ਮੁਲਾ ਖਲੀਲ ਮੀਰਜਾਨਪੁਰੀ, ਇਹ ਨਵਾ ਕਦਲ, ਸ੍ਰੀ ਨਗਰ ਦਾ ਰਹਿਣ ਵਾਲਾ ਸੀ। ਰੈਫ਼ਰੈਂਸ ਰਿਸਰਚ ਲਾਇਬ੍ਰੇਰੀ ਜੰਮੂ-ਕਸ਼ਮੀਰ ਸਰਕਾਰ (ਰਰਲਜਕਸ) ਵਿੱਚ ਮੌਜੂਦ ਹੈ। ਲਿਖਤੀ, ਸਿੱਖ ਰਾਜ ਦੇ ਅੰਤਿਮ



. Sri Satguru Jagjit Singh Ji eLibrary NamdhariElibrary@gmail.com .

ਦਿਨਾਂ ਦੀ ਤਵਾਰੀਖ਼ ਦਰਜ ਹੈ। ਲੇਖਕ 1817 ਈ: ਵਿੱਚ ਪੈਦਾ ਹੋਇਆ।

*ਤਾਰੀਖ਼-ਇ-ਹਸਨ*-ਲਿਖਤੀ, 1302 ਹਿਜਰੀ (1884-85 ਈ:) ਚਾਰ ਜਿਲਦਾਂ ਵਿੱਚ ਹੈ। ਇਸ ਵਿੱਚ ਸਿੱਖਾਂ ਅਤੇ ਸਿੱਖ ਰਾਜ ਦਾ ਕਾਫ਼ੀ ਜ਼ਿਕਰ ਆਇਆ ਹੈ। ਇਸ ਦਾ ਉਰਦੂ ਅਨੁਵਾਦ ਗੁਲਾਮ ਮੁਹੰਮਦ ਨੂਰ ਨੇ ਕੀਤਾ ਸੀ ਅਤੇ ਮੁਹੰਮਦ ਐਂਡ ਸੰਨਜ਼, ਸ੍ਰੀ ਨਗਰ ਕਸ਼ਮੀਰ ਨੇ ਪ੍ਰਕਾਸ਼ਤ ਕੀਤੀ ਸੀ। ਦੂਜੀ ਜਿਲਦ ਦਾ ਕਸ਼ਮੀਰੀ ਅਨੁਵਾਦ ਡਾ: ਸ਼ਸਉਦੀਨ ਅਹਿਮਲ ਨੇ ਕੀਤਾ ਹੈ ਜੋ ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਸ੍ਰੀ ਨਗਰ ਨੇ 1999 ਵਿੱਚ ਛਾਪਿਆ। ਇਸ ਦੀ ਕਾਪੀ ਮੇਰੀ ਨਿੱਜੀ ਲਾਇਬ੍ਰੇਰੀ ਵਿੱਚ ਮੌਜੂਦ ਹੈ।

*ਤਾਰੀਖ਼-ਨਾਮਾ-ਕਸ਼ਮੀਰ*-ਮੀਰਾ ਸੈਫ਼-ਉਲ-ਦੀਨ, 1849, ਲਿਖਤੀ ਰਰਲਜਕਸ ਵਿੱਚ 760 ਨੰਬਰ ਹੇਠ ਮੌਜੂਦ ਹੈ।

ਇਸ ਵਿੱਚ 1010 ਹਿਜਰੀ ਤੋਂ 1265 ਹਿਜਰੀ ਤੱਕ ਤਵਾਰੀਖ਼ ਦਰਜ ਹੈ। ਸਿੱਖ ਸੂਬੇਦਾਰਾਂ ਅਤੇ ਕੁੱਝ ਖ਼ਾਸ ਵਾਕਿਆਤਾਂ ਨੂੰ ਸੰਭਾਲਿਆ ਗਿਆ ਹੈ।

*ਤਵਾਰੀਖ਼-ਵਾ-ਪਾਤਸ਼ਾਹੀਅਨ ਹਿੰਦੁਸਤਾਨ*-ਲਿਖਤੀ, 1847 ਬਿਕ੍ਰਮੀ, ਇਹ ਵੀ ਰਰਲਜਕਸ ਵਿੱਚ ਮੌਜੂਦ ਹੈ, ਕੁੱਲ ਪਤਰੇ 22 ਹਨ।

ਸਿੱਖ ਰਾਜ ਦੇ ਆਖ਼ਰੀ ਦਿਨਾਂ ਦਾ ਥੋੜ੍ਹਾ ਜ਼ਿਕਰ ਹੈ।

*ਤਾਰੀਖ਼-ਇ-ਕਸ਼ਮੀਰ*-ਹਾਜੀ ਮੁਹੀਓਦੀਨ ਮਸ਼ਕੀਨ, 1317 ਹਿਜਰੀ (1899-1900 ਈ:) ਇਹ ਵੀ ਰਰਲਜਕਸ ਵਿੱਚ ਮੌਜੂਦ ਹੈ।

ਇਸ ਵਿੱਚ ਕਸ਼ਮੀਰ ਦੀ ਸਿਆਸੀ ਤਵਾਰੀਖ ਮੁੱਢ ਤੋਂ ਲੈ ਕੇ ਮਹਾਰਾਜਾ ਪ੍ਰਤਾਪ ਸਿੰਘ ਤੱਕ ਵਾਕਿਆਤ ਦਰਜ ਹਨ। ਪ੍ਰਕਾਸ਼ਤ ਹੋ ਚੁੱਕੀ ਹੈ। ਇਹ ਨੰਬਰ 1717 ਏ ਹੇਠ ਦਰਜ ਹੈ। ਇਹ ਕੇਵਲ ਭਾਗ ਦੂਜਾ ਹੈ।

*ਤਾਰੀਖ਼-ਇ-ਜਦਵਾਲ*-ਲਿਖਤੀ, 1846-47 ਈ:, ਰਰਲਜਕਸ ਵਿੱਚ ਮੌਜੂਦ ਹੈ। ਇਸ ਵਿੱਚ ਕਸ਼ਮੀਰ ਦੇ ਰਾਜਿਆਂ ਦਾ ਇਤਿਹਾਸ 743 ਤੋਂ ਲੈ ਕੇ 1845-47 ਤੱਕ ਦਰਜ ਹੈ।

ਮਹਾਰਾਜਾ ਰਣਜੀਤ ਸਿੰਘ ਆਦਿ ਸਿੱਖ ਰਾਜਿਆਂ ਦਾ ਇਤਿਹਾਸ ਅਤੇ ਰਾਜਿਆਂ ਅਤੇ ਸੂਬੇਦਾਰਾਂ ਦੇ ਨਾਂ ਤਰਤੀਬਵਾਰ ਦਿੱਤੇ ਹਨ। ਕੁੱਲ ਪੱਤਰੇ 14 ਹਨ ਜੋ ਨੰਬਰ 1406 ਅਤੇ 840 ਹੇਠ ਦਰਜ ਹਨ।



. Sri Satguru Jagjit Singh Ji eLibrary NamdhariElibrary@gmail.com .

***ਤਾਰੀਖ਼-ਇ-ਕਸ਼ਮੀਰ (ਤਹਿਕੀਕਾਤ-ਇ-ਅਮੀਰੀ)***-ਅਮੀਰ-ਉ-ਦੀਪ ਪਖੋਵਾਲ, ਲਿਖਤੀ, 1853 ਈ:, ਇਸ ਦੇ 324 ਸਫ਼ੇ ਹਨ ਅਤੇ ਮਾਇਕਰੋਫ਼ਿਲਮ ਕਾਪੀ ਰਰਲਜਕਸ ਵਿੱਚ ਮੌਜੂਦ ਹੈ।

ਕਸ਼ਮੀਰ ਵਿੱਚ ਸਿੱਖ ਰਾਜ ਦੇ ਆਖ਼ਰੀ ਦਿਨਾਂ ਦਾ ਸਿਆਸੀ ਇਤਿਹਾਸ ਜਲਦੀ ਅਤੇ ਬੇਤਰਤੀਬੇ ਢੰਗ ਨਾਲ ਲਿਖਿਆ ਹੈ।

***ਤਾਰੀਖ਼ - ਇ - ਕਸ਼ਮੀਰ (ਦਸਤੂਰ-ਅਲ-ਇਮਾਲ-ਇ-ਕਸ਼ਮੀਰ)***- ਲਿਖਤੀ 1895 ਬਿਕ੍ਰਮੀ (1838 ਈ:), ਪਯਲਪ ਅਤੇ ਕਸ਼ਮੀਰ ਵਿੱਚ ਵੀ ਮੌਜੂਦ ਹੈ।

ਇਸ ਵਿੱਚ ਸਿੱਖ ਰਾਜ ਦਾ ਅੰਕੜਿਆਂ ਦਾ ਗਿਣਾਤਮਕ ਪੱਖੋਂ ਬੜਾ ਮੁਆਦ ਸਾਂਭਿਆ ਗਿਆ ਹੈ। ਸਿੱਖ ਗ੍ਰੰਥੀਆਂ, ਗੁਰਦੁਆਰਿਆਂ ਦਾ ਕਾਫ਼ੀ ਜ਼ਿਕਰ ਹੈ।

***ਤਾਰੀਖ਼-ਇ-ਅਲੀ***-ਮੁਹੰਮਦ ਸਲਾਈ ਕੁਦਰਤ, ਲਿਖਤੀ, ਖਬਲਬਪ,

ਇਸ ਵਿੱਚ ਬੰਦਾ ਬਹਾਦਰ ਦੀ ਗ੍ਰਿਫ਼ਤਾਰੀ, ਸ਼ਹਾਦਤ, ਮੀਰ ਮਨੂੰ ਦੀ ਸਿੱਖਾਂ ਖ਼ਿਲਾਫ਼ ਮੁਹਿੰਮ, ਅੰਮ੍ਰਿਤਸਰ, ਜੱਸਾ ਸਿੰਘ ਕਲਾਲ ਅਤੇ ਟੋਕਾ (ਆਹਲੂਵਾਲੀਆ ਅਤੇ ਰਾਮਗੜ੍ਹੀਆ) ਦਾ ਵਰਨਣ ਹੈ।

***ਤਾਰੀਖ਼-ਇ-ਜਾਨ ਮੁਹੰਮਦ***-ਲਿਖਤੀ, ਇਸ ਵਿੱਚ 1790 ਈ: ਦੀ ਜੰਗ ਦਾ ਹਾਲ ਫ਼ਾਰਸੀ ਨਜ਼ਮ ਵਿੱਚ ਦਰਜ ਹੈ। ਜੰਗ ਗੁਜਰਾਂਵਾਲਾ ਦੇ ਨੇੜੇ ਮੁਸਲਮਾਨਾਂ ਤੇ ਸਿੱਖਾਂ ਵਿੱਚ ਹੋਇਆ ਸੀ। ਇਸ ਵਿੱਚ ਜਾਨ ਮੁਹੰਮਦ ਮਾਰਿਆ ਗਿਆ ਸੀ। ਇਹ ਨਜ਼ਮ Royal Asiatic Society of Great Britis. R Ireland, London, England, ਦੇ ਜਨਰਲ ਵਿੱਚ ਛਪੀ ਸੀ, 1927 ਪੰਨਾ 846-47 ਹੇਠ।

***ਤਾਰੀਖ਼-ਇ-ਪੰਜਾਬ ਤੋਹਫ਼ਾਤ-ਉਲ-ਅਹਿਬਾਬ***-ਪ੍ਰਕਾਸ਼ਤ, 1862 ਈ: ਇਸ ਦਾ ਲੇਖਕ ਅਬਦੁਲ ਕਰੀਮ ਹੈ। ਖਕਅ ਵਿੱਚ ਮੌਜੂਦ ਹੈ।

ਇਸ ਵਿੱਚ ਸਿੱਖਾਂ, ਸਿੱਖ ਧਰਮ, ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੀ ਵੰਸ਼, ਅੰਗਰੇਜ਼-ਸਿੱਖ ਜੰਗਾਂ ਅਤੇ ਡੋਗਰਿਆਂ ਬਾਰੇ ਤਫ਼ਸੀਲ ਦਰਜ ਹੈ।

***ਤਾਰੀਖ਼-ਇ-ਅਹਿਮਦੀ (ਤਵਾਰੀਖ-ਇ-ਅਹਿਮਦ)***-ਅਬਦੁਲ ਕਰੀਮ ਮੱਲਵੀ, ਲਿਖਤੀ, 1264-66 ਈ:, ਇਹ ਬਾਅਦ ਵਿੱਚ ਮੁਸਤਫ਼ਾਈ ਪ੍ਰੈਸ ਲੱਖਨੋ, ਵਿੱਚ 1850 ਈ: ਨੂੰ ਪ੍ਰਕਾਸ਼ਤ ਹੋਈ। ਪਪਲਲ ਅਤੇ ਲੱਖਨੋ ਲਾਇਬ੍ਰੇਰੀ ਵਿੱਚ ਮੌਜੂਦ ਹੈ।

ਇਸ ਵਿੱਚ ਅਬਦਾਲੀ-ਸਿੱਖ ਜੰਗ, ਵੱਡਾ ਘੱਲੂਘਾਰਾ ਕੁਪ-ਰਹੀੜਾ ਦਾ ਵਰਨਣ



. Sri Satguru Jagjit Singh Ji eLibrary NamdhariElibrary@gmail.com .

ਮਿਲਦਾ ਹੈ।

***ਤਵਾਰੀਖ਼-ਇ-ਪੰਜਾਬ***-ਗੁਲਾਮ ਮਉ-ਦੀਨ-ਲੁਧਿਆਣਵੀ, ਅੱਲਵੀ ਕਾਦਰੀ, ਲਿਖਤੀ, 1848 ਈ:। ਬਮਲਲਇ, ਖਕਅ, ਪਪਲਲ ਅਤੇ ਪਜਲਪ ਵਿੱਚ ਮੌਜੂਦ ਹੈ।

ਭਾਗ ਪਹਿਲਾ ਵਿੱਚ ਸਿੱਖ ਗੁਰੂਆਂ, ਬੰਦਾ ਬਹਾਦਰ, ਸਿੱਖ ਮਿਸਲਾਂ, ਫੂਲਕੀਆ ਪਰਿਵਾਰ, ਸ੍ਰ: ਚੜ੍ਹਤ ਸਿੰਘ, ਸ੍ਰ: ਮਹਾਂ ਸਿੰਘ, ਮਹਾਰਾਜਾ ਰਣਜੀਤ ਸਿੰਘ ਬਾਰੇ ਵਿਸਥਾਰ ਨਾਲ ਜ਼ਿਕਰ ਆਇਆ ਹੈ।

***ਤਾਰੀਖ਼-ਇ-ਪੰਜਾਬ***-ਅਹਿਮਦ ਸ਼ਾਹ ਬਟਾਲਵੀ, ਗੁਰਬਖਸ਼ ਸਿੰਘ ਨੇ ਪੰਜਾਬੀ ਅਨੁਵਾਦ ਕੀਤਾ ਹੈ ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 1969 ਵਿੱਚ ਛਾਪਿਆ ਹੈ।

***ਤਾਰੀਖ਼-ਇ-ਮਹਾਰਾਜਾ ਖੜਕ ਸਿੰਘ***-ਲਿਖਤੀ, 1896 ਬਿਕ੍ਰਮੀ, ਭਾਈ ਦਿੱਤ ਸਿੰਘ ਲਾਇਬ੍ਰੇਰੀ, ਫ਼ਿਰੋਜ਼ਪੁਰ (ਭਦਸਲਫ਼) ਅਤੇ ਮਹਾਰਾਜਾ (ਮਯਸਪ) ਵਿੱਚ ਮੌਜੂਦ ਹੈ।

ਇਸ ਵਿੱਚ ਮਹਾਰਾਜਾ ਖੜਕ ਸਿੰਘ ਦੇ ਅਹਿਦ ਦੀ ਤਵਾਰੀਖ਼ ਸਾਂਭੀ ਹੋਈ ਹੈ।

***ਤਾਰੀਖ਼-ਨਾਮਾ***-ਲਿਖਤੀ, ਦੋ ਭਾਗ, ਪੰਨਾ 818

ਪੰਜਾਬ ਤਾਰੀਖ਼ ਮਹਾਰਾਜਾ ਰਣਜੀਤ ਸਿੰਘ ਤੋਂ ਲੈ ਕੇ ਬ਼ਗਾਵਤ ਤੱਕ ਦਰਜ ਹੈ।

***ਤਾਰੀਖ਼-ਇ-ਸਿੱਖਾਂ***-ਲਿਖਤੀ, ਪਯਲਪ ਵਿੱਚ ਮੌਜੂਦ ਹੈ।

ਫ਼ਾਰਸੀ ਕਵਿਤਾ ਵਿੱਚ ਸਿੱਖ ਇਤਿਹਾਸ ਬਿਆਨ ਕੀਤਾ ਗਿਆ ਹੈ ਖ਼ਾਸ ਕਰ ਰਾਜਾ ਧਿਆਨ ਸਿੰਘ ਦੇ ਕਤਲ ਤੋਂ ਲੈ ਕੇ ਰਾਣੀ ਜਿੰਦ ਕੌਰ ਦੇ ਬਨਾਰਸ ਕੈਦ ਤੱਕ।

**ਤਵਾਰੀਖ਼-ਇ-ਜਾਨੀ-ਸ਼ੀਨ-ਇ-ਔਰੰਗਜ਼ੇਬ**-ਲਿਖਤੀ, 1822 ਈ: ਖਬਲਬਪ ਵਿੱਚ ਮੌਜੂਦ ਹੈ।

ਸਿੱਖਾਂ ਅਤੇ ਬੰਦਾ ਬਹਾਦਰ ਦਾ ਜ਼ਿਕਰ ਪਤਰੇ ਨੰਬਰ 32ਵੇਂ ਵਿੱਚ ਆਇਆ ਹੈ।

***ਤਾਰੀਖ਼-ਇ-ਮੁਜ਼ਫ਼ਰੀ***-ਅਨਸਾਰੀ ਮੁਹੰਮਦ ਅਲੀ ਖ਼ਾਨ, ਲਿਖਤੀ, 1810 ਈ:, ਬਮਲਲਇ ਅਤੇ ਮਯਲਅ ਆਦਿ ਵਿੱਚ ਮੌਜੂਦ ਹੈ। ਇਕ ਕਾਪੀ ਪਯਲਲ ਵਿੱਚ



. Sri Satguru Jagjit Singh Ji eLibrary NamdhariElibrary@gmail.com .

ਵੀ ਹੈ।

ਸਿੱਖਾਂ ਦੀ ਮੁਗਲਾਂ ਅਤੇ ਦੁਰਾਨੀਆਂ ਖ਼ਿਲਾਫ਼ ਜੱਦੋ-ਜਹਿਦ ਦਾ ਵਿਸਥਾਰ ਆਇਆ ਹੈ।

***ਤਾਰੀਖ਼-ਇ-ਸ਼ਕਰਖਾਨੀ***-ਸ਼ਕਰ ਖ਼ਾਨ, ਲਿਖਤੀ, ਬਮਲਲਏ ਵਿੱਚ ਮੌਜੂਦ ਹੈ।

ਇਸ ਵਿੱਚ ਅਹਿਮਦ ਸ਼ਾਹ ਅਬਦਾਲੀ ਹੱਥੋਂ ਸਿੱਖਾਂ ਦੀ ਹਾਰ ਨੂੰ ਬਿਆਨ ਕੀਤਾ ਗਿਆ ਹੈ।

***ਤਾਰੀਖ਼-ਇ-ਅਹਿਦ-ਇ-ਮਹਾਰਾਜਾ ਰਣਜੀਤ ਸਿੰਘ-ਵਾ-ਸਰਦਾਰਨ-ਇ-ਖਾਲਸਾ***-ਲਿਖਤੀ, ਭਦਸਲਫ਼ ਵਿੱਚ ਮੌਜੂਦ ਹੈ।

ਇਸ ਵਿੱਚ ਮਹਾਰਾਜਾ ਰਣਜੀਤ ਸਿੰਘ ਅਤੇ ਹੋਰ ਸਿੱਖ ਸਰਦਾਰਾਂ ਦਾ ਹਾਲ ਦਰਜ ਹੈ।

***ਤਾਰੀਖ਼-ਇ-ਬਾਰਾਂ ਮਿਸਲਾਂ***-ਲਿਖਤੀ,

***ਤਾਰੀਖ਼-ਇ-ਹਿੰਦ***-ਲਿਖਤੀ, 1251 ਹਿਜਰੀ, ਮਯਲਅ ਵਿੱਚ ਮੌਜੂਦ।

ਇਸ ਵਿੱਚ ਬੰਦਾ ਬਹਾਦਰ ਦਾ ਜ਼ਿਕਰ ਆਇਆ ਹੈ।

***ਤਵਾਰੀਖ਼-ਇ-ਕਸ਼ਮੀਰ (ਮਜਮੂ-ਅਲ-ਤਵਾਰੀਖ਼)***-ਪੰਡਿਤ ਬੀਰਬਲ ਕਾਚਰੂ (ਇਹ ਕਸ਼ਮੀਰੀ ਪੰਡਿਤ ਸੀ), ਲਿਖਤੀ, 1262 ਹਿਜਰੀ, 1845 ਈ:।

ਕਸ਼ਮੀਰ ਵਿੱਚ ਇਸ ਦੇ ਤਿੰਨ ਨਖਸੇ 2317, 1363 ਅਤੇ 935 ਨੰਬਰਾਂ ਹੇਠ ਦਰਜ ਹਨ। ਇਕ ਨਖਸੇ ਦੇ 413 ਪੱਤਰੇ ਅਤੇ ਦੂਜੇ ਦੇ 152 ਹਨ। ਰਰਲਜਕਸ ਵਿੱਚ ਮੌਜੂਦ ਹਨ। ਖਕਅ ਵਿੱਚ ਵੀ ਹੈ।

ਇਸ ਵਿੱਚ ਕਸ਼ਮੀਰ ਸਿੱਖ ਰਾਜ ਦਾ ਵਿਸਥਾਰ ਨਾਲ ਚਾਨਣਾ ਪਾਇਆ ਗਿਆ ਹੈ। ਖ਼ਾਸ ਕਰ ਪਤਰੇ 190 ਏ ਤੋਂ ਲੈ ਕੇ 282 ਬੀ ਤੱਕ।

***ਤਾਰੀਖ਼-ਇ-ਕਸ਼ਮੀਰ***-ਅਜਾਇਜ਼ ਨੈਰਾਇਣ ਕੌਲ, ਲਿਖਤੀ, ਪਯਲਲ ਅਤੇ ਖਕਅ ਵਿੱਚ ਮੌਜੂਦ ਹੈ।

***ਤਾਰੀਖ਼-ਸਾਦਾਤ***-ਜਾਵੀਦ-ਹਰਨਾਮ ਸਿੰਘ (ਗੁਰਦਾਸ ਸਿੰਘ), ਲਿਖਤੀ, 1850 ਈ:। ਇਹ ਬਮਲਲਏ ਵਿੱਚ ਮੌਜੂਦ ਹੈ।

ਇਸ ਵਿੱਚ ਸਿੱਖਾਂ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਵਰਨਣ ਹੈ।



. Sri Satguru Jagjit Singh Ji eLibrary NamdhariElibrary@gmail.com .

***ਤਰਜ਼ਮਾ ਮੁਲਾਕਾਤ-ਇ-ਨਾਨਕ***-ਖਵਾਜ਼ਾ ਅਬਦੁਲ ਹਕੀਮ ਖ਼ਾਨ, ਲਿਖਤੀ, ਬਮਲਲਏ ਦੇ 24414 ਨੰਬਰ ਹੇਠ ਮੌਜੂਦ ਹੈ।

ਇਸ ਵਿੱਚ ਗੁਰੂ ਨਾਨਕ ਸਾਹਿਬ ਦੀਆਂ ਮੁਲਾਕਾਤਾਂ ਦਾ ਹਾਲ, ਜੋ ਬਹੁਤ ਸਾਰੇ ਰੂਹਾਨੀ ਲੋਕਾਂ ਨਾਲ ਕੀਤੀਆਂ ਸਨ ਜਿਵੇਂ ਮੱਕੇ ਦੇ ਰੁਕਨਦੀਨ, ਸ਼ੇਖ ਸਰਫ਼ ਸਰਹਿੰਦ ਆਦਿ ਦਾ ਜ਼ਿਕਰ ਹੈ।

***ਤੋਫ਼ਾਹ-ਇ-ਅਕਬਰੀ***-ਖਵਾਜਾ ਅਬਦੁਲ ਹਕੀਮ, ਲਿਖਤੀ, 1804-05, ਇਹ ਲਿਖਤ ਇੰਗਲੈਂਡ ਦੇ ਇੰਡੀਅਨ ਆਫ਼ਸ, ਲਾਇਬ੍ਰੇਰੀ ਲੰਡਨ (ਇਅਲਲ) ਵਿੱਚ 4009 ਨੰਬਰ ਹੇਠ ਦਰਜ ਹੈ।

ਪੰਜਾਬ ਦੀ ਤਵਾਰੀਖ਼ ਦੇ ਨਾਲ, ਸਿੱਖਾਂ ਦੀ ਚੜ੍ਹਤ ਦਾ ਜ਼ਿਕਰ ਆਇਆ ਹੈ।

***ਤਾਰੀਖ਼-ਇ-ਝੰਗ ਸਿਆਲ***-ਮੌਲਵੀ ਨੂਰ ਮੁਹੰਮਦ ਚੇਲਾਸਿਆਲ, ਪ੍ਰਕਾਸ਼ਤ, ਅਹਿਮਦੀ ਪ੍ਰੈਸ, ਮੇਰਠ 1863, ਖਕਅ ਅਤੇ ਪਯਲਪ ਵਿੱਚ ਮੌਜੂਦ ਹੈ।

ਸਿੱਖਾਂ ਦਾ ਝੰਗ ਨਾਲ ਸੰਪਰਕ, ਸਿੱਖਾਂ ਦੀਆਂ ਮੁੱਢਲੀਆਂ ਜਿੱਤਾਂ, ਭੰਗੀ ਅਤੇ ਸ਼ੁਕਰਚਕੀਆ ਮਿਸਲਦਾਰਾਂ ਹੇਠ, ਸਿੱਖ-ਸਿਆਲ ਜਦੋ ਜਹਿਦਾਂ, ਮਹਾਰਾਜਾ ਰਣਜੀਤ ਸਿੰਘ ਦਾ ਝੰਗ ਫ਼ਤਹਿ ਦਾ ਵਰਨਣ ਆਇਆ ਹੈ।

***ਤੁਜ਼ਕਿ-ਜਹਾਂਗੀਰੀ***-ਬਾਦਸ਼ਾਹ ਜਹਾਂਗੀਰ, ਨਵਲਕਿਸ਼ੋਰ ਪ੍ਰੈਸ, ਲਖਨੋਹ।

ਇਹ ਜਹਾਂਗੀਰ ਦੀ ਸ੍ਵੈ-ਜੀਵਨੀ ਹੈ। ਇਸ ਵਿੱਚ ਗੁਰੂ ਅਰਜਨ ਸਾਹਿਬ ਨੂੰ ਜਹਾਂਗੀਰ ਦੇ ਕਹਿਣ 'ਤੇ ਤਸੀਹੇ 'ਯਾਸਾ ਅਤੇ ਸਿਆਸਤ' ਤਹਿਤ ਦੇ ਕੇ ਸ਼ਹੀਦ ਕੀਤਾ ਗਿਆ ਹੈ। ਡਾ: ਗੰਡਾ ਸਿੰਘ ਜੀ ਨੇ ਪੰਜਾਬੀ ਅਨੁਵਾਦ ਕਰਕੇ ***'ਫੁਲਵਾੜੀ'*** ਲਾਹੌਰ ਵਿੱਚ 1931 ਵਿੱਚ ਸਿੱਖਾਂ ਨਾਲ ਸਬੰਧਿਤ ਭਾਗ ਛਾਪਿਆ। ਮੇਰੀ ਨਿੱਜੀ ਲਾਇਬ੍ਰੇਰੀ ਵਿੱਚ ਇਕ ਕਾਪੀ ਮੌਜੂਦ ਹੈ।

ਅੰਗ੍ਰੇਜ਼ੀ ਅਨੁਵਾਦ ਸ਼ੀਰਨ ਮੂਸਵੀ ਨੇ ਕੀਤਾ ਜੋ ਪੁਸਤਕ Sikh History from Persian Sources editied by J.S. Grewal and Irfan Habib ਵੱਲੋਂ 2001 ਨੂੰ ਛੱਪ ਗਿਆ ਹੈ।

***ਤਜ਼ਕਰਾ-ਇ-ਚੁੱਗਤਵੀ (ਤਜ਼ਕਰਾ-ਇ-ਸੁਲਤਾਨ-ਇ-ਚੁੱਗਤਵੀ)***-ਮੁਹੰਮਦ ਹਾਦੀ ਕਮਰ ਖ਼ਾਨ, 1136 ਹਿਜਰੀ (1723 ਈ:) ਲਿਖਤੀ, ਮਯਲਅ, ਪਯਲਲ, ਬਮਲਲਏ ਵਿੱਚ ਮੌਜੂਦ ਹੈ।

ਬੰਦਾ ਬਹਾਦਰ ਬਾਰੇ ਵਿਸਥਾਰ ਨਾਲ ਜ਼ਿਕਰ ਹੈ।



Sri Satguru Jagjit Singh Ji eLibrary NamdhariElibrary@gmail.com

***ਤਵਾਰੀਖ਼-ਇ-ਇਰਾਬਤ ਖ਼ਾਨੀ (ਤਵਾਰੀਖ਼-ਇ-ਮੁਬਾਰਖ)***-ਮਿਰਜ਼ਾ ਮੁਬਾਰਖ ਉਹਨਾਂ ਇਬਾਰਤ ਖ਼ਾਨ, ਲਿਖਤੀ, 1126 ਹਿਜਰੀ ਪਪਲਲ, ਬਮਲਲਏ ਵਿੱਚ ਮੌਜੂਦ ਹੈ।

ਬੰਦਾ ਬਹਾਦਰ ਅਤੇ ਉਹਨਾਂ ਦੇ ਸਾਥੀ ਸਿੰਘਾਂ ਦਾ ਜ਼ਿਕਰ ਅਤੇ ਸ਼ਹਾਦਤ ਦਾ ਵਰਨਣ ਹੈ। ਇਕ ਸਿੱਖ ਬੱਚੇ ਦੀ ਸ਼ਹਾਦਤ ਦਾ ਵੀ ਬਿਆਨ ਹੈ।

***ਤਵਾਰੀਖ਼-ਇ-ਇਬਰਾਹੀਮ ਖ਼ਾਨ***-ਨਵਾਬ ਇਬਰਾਹੀਮ ਖ਼ਾਨ, ਲਿਖਤੀ, 1786 ਈ: ਪਯਲਲ ਦੇ ਨੰਬਰ 26 ਏ ਹੇਠ ਮੌਜੂਦ ਹੈ।

ਸਿੱਖਾਂ ਦੀ ਅਦੀਨਾ ਬੇਗ ਦੀ ਸਹਾਇਤਾ, ਮੁਰਾਦਖਾਨ ਅਤੇ ਸਰਫ਼ਿਰਾਜ਼ ਖ਼ਾਨ ਨੂੰ ਹਰਾ ਕੇ ਸਰ ਬੁਲੰਦ ਖ਼ਾਨ ਨੂੰ ਜਲੰਧਰ ਦੀ ਜੰਗ ਵਿੱਚ ਮਾਰ ਦਿੱਤਾ।

***ਤਾਰੀਖ਼-ਇ-ਅਹਿਮਦ ਸ਼ਾਹ ਦੁਰਾਨੀ***-ਇਮਾਮ-ਉਦ-ਦੀਨ ਹੁਸੈਨੀ, ਲਿਖਤੀ, ਬਮਲਲਏ, ਖਬਲਬਪ ਵਿੱਚ ਮੌਜੂਦ ਹੈ।

ਸਿੱਖਾਂ ਬਾਰੇ, ਦੂਸਰੇ ਘੱਲੂਘਾਰੇ ਬਾਰੇ, ਅਹਿਮਦ ਖ਼ਾਨ ਦੀ ਸਿੱਖਾਂ ਹੱਥੋਂ ਹਾਰ, ਸ਼ਾਹ ਜ਼ਮਾਨ ਤੇ ਸਿੱਖ, ਰਾਜਾ ਸਾਹਿਬ ਸਿੰਘ, ਪਟਿਆਲਾ, ਸ੍ਰ: ਸ਼ੇਰ ਸਿੰਘ, ਰਾਇ ਸਿੰਘ ਬੁੜੀਆ, ਲਹਿਣਾ ਸਿੰਘ ਲਾਹੌਰ ਆਦਿ ਦਾ ਵਰਨਣ ਆਉਂਦਾ ਹੈ।

***ਤਹਿਮਾਸਪਨਾਮਾ***-ਤਹਿਮਾਸ ਖਾਨ ਮਸਕੀਨ, ਲਿਖਤੀ, ਬਮਲਲਏ, ਖਬਲਬਪ, ਖਕਅ, ਇਹ ਲਿਖਤ 108 ਹਿੱਸਿਆਂ ਵਿੱਚ ਵੰਡੀ ਹੈ, ਕੁੱਲ ਸਫ਼ੇ 354 ਹਨ। ਵੱਡੇ ਘੱਲੂਘਾਰੇ ਦਾ ਚਸ਼ਮਦੀਦ ਗਵਾਹ। ਸ਼ਹੀਦੀ ਸਿੰਘਾਂ ਦੀ ਗਿਣਤੀ 25,000 ਲਿਖੀ ਹੈ।

***ਦੀਵਾਨ-ਇ-ਮੁਜਰਿਮ***-ਮਿਰਜ਼ਾ ਮੁਹੰਮਦ ਮਹਿਦੀ, ਮੁਜਰਿਮ, ਲਿਖਤੀ, ਰਰਲਜਕਸ ਵਿੱਚ ਮੌਜੂਦ ਹੈ। ਇਸ ਦਾ ਜ਼ਿਕਰ ਟ੍ਰੈਕਟ ਨੰਬਰ 325 ਸਰਕਾਰੀ ਵਿੱਚ ਆਇਆ ਹੈ।

ਇਸ ਵਿੱਚ ਮਹਾਰਾਜਾ ਸ਼ੇਰ ਸਿੰਘ, ਰਾਜਾ ਧਿਆਨ ਸਿੰਘ, ਗੁਲਾਬ ਸਿੰਘ, ਜੋਨ ਲਾਰੈਂਸ ਤੇ ਸ਼ੇਖ਼ ਗੁਲਾਮ ਮਉ-ਦੀਨ ਬਾਰੇ ਵਰਨਣ ਆਇਆ ਹੈ।

***ਦਫ਼ਤਰ-ਇ-ਮਾਲ, ਦਫ਼ਤਰ-ਇ-ਫ਼ੌਜ, ਦਫ਼ਤਰ-ਇ-ਤੋਸ਼ਾਖਾਨਾ***-ਲਿਖਤੀ, 129 ਬੰਡਲ ਹਨ। ਹਰ ਬੰਡਲ ਵਿੱਚ 3000 ਪੱਤਰੇ ਹਨ।

ਇਸ ਵਿੱਚ ਸਿੱਖ ਸਰਕਾਰ ਦੇ ਰਿਕਾਰਡ ਹਨ, ਜੋ ਅੱਜਕੱਲ੍ਹ ਪੰਜਾਬ ਸਿਵਲ ਸੈਕਟ੍ਰੀਏਟ, ਲਾਹੌਰ ਪਾਕਿਸਤਾਨ ਵਿੱਚ ਮੌਜੂਦ ਹਨ।

***ਦੀਵਾਨ-ਇ-ਨਾਨਕ ਸ਼ਾਹ***-ਲਿਖਤੀ, 1935 ਈ:, ਅੰਮ੍ਰਿਤਸਰ



. Sri Satguru Jagjit Singh Ji eLibrary NamdhariElibrary@gmail.com .

***ਦਬਿਸਤਾਨ-ਇ-ਮੁਜ਼ਾਹਿਬ***-ਮੋਬਿੱਦ ਜ਼ੁਲਫ਼ਕਾਰ ਅਰ ਦਸਤਾਨੀ ਸਾਸਨੀ, (ਭੁਲੇਖੇ ਨਾਲ ਇਸ ਦਾ ਲੇਖਕ ਮੋਹਸਨ ਫ਼ਾਨੀ ਸਮਝਿਆ ਜਾਂਦਾ ਸੀ), 1645 ਈ: ਨਵੱਲ ਕਿਸ਼ੌਰ ਪ੍ਰੈਸ, ਕਵਨਪੁਰ, 1904 ਈ: ਵਿੱਚ ਛਪੀ।

ਇਸ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿਰਾਇ ਸਾਹਿਬ ਦਾ ਵਿਸਥਾਰ ਨਾਲ ਜ਼ਿਕਰ ਹੈ। ਇਹ ਲੇਖਕ ਗੁਰੂ ਜੀ ਦਾ ਮਿੱਤਰ ਸੀ ਤੇ ਖਤੋ-ਕਿਤਾਬਤ ਵੀ ਉਨ੍ਹਾਂ ਨਾਲ ਕਰਦਾ ਸੀ। ਸਿੱਖਾਂ ਦੀਆਂ ਰਹੁਰੀਤਾਂ ਅਤੇ ਸਿੱਖ ਧਰਮ ਦੇ ਮੁੱਢਲੇ ਸਿਧਾਂਤਾਂ ਬਾਰੇ ਬੜਾ ਚਾਨਣਾ ਪਾਉਂਦੀ ਹੈ।

ਇਸ ਦਾ ਅੰਗ੍ਰੇਜ਼ੀ ਅਨੁਵਾਦ ਸ਼ੀਆ ਅਤੇ ਟ੍ਰੋਇਰ, ਸ੍ਰ: ਉਮਰਾ ਸਿੰਘ ਮਜੀਠੀਆ, ਡਾ: ਗੰਡਾ ਸਿੰਘ ਅਤੇ ਇਰਫ਼ਾਨ ਹਬੀਬ ਨੇ ਕੀਤਾ ਹੈ ਤੇ ਛਪਿਆ ਹੈ। ਪੰਜਾਬੀ, ਅਨੁਵਾਦ ਡਾ: ਗੰਡਾ ਸਿੰਘ, ਸ੍ਰ: ਗੁਰਬਖਸ਼ ਸਿੰਘ ਨੇ ਕੀਤਾ ਹੈ। ਉਰਦੂ ਅਨੁਵਾਦ ਸ਼ਰਧਾ ਰਾਮ ਫ਼ਿਲੌਰੀ ਨੇ ਲਿਖਤੀ ਕੀਤਾ ਸੀ। ਟਾਕਰੀ ਅਤੇ ਨਾਗਰੀ ਲਿੱਪੀਆਂ ਵਿੱਚ ਵੀ ਅਨੁਵਾਦ ਹੋਇਆ ਹੈ ਜੋ ਸ੍ਰੀ ਨਗਰ ਅਤੇ ਜੰਮੂ ਯੂਨੀਵਰਸਿਟੀ ਦੇ ਡੋਗਰੀ ਵਿਭਾਗ ਵਿੱਚ ਸੁਰੱਖਿਅਤ ਹੈ।

***ਦਸਤੂਰ-ਉਲ-ਇਨਸ਼ਾ (ਇਨਸ਼ਾ-ਇ-ਕਲੰਧਰ)***-ਯਾਰ ਮੁਹੰਮਦ, ਲਿਖਤੀ 1122 ਹਿਜਰੀ, ਖਕਅ, ਖਬਲਬਪ ਵਿੱਚ ਮੌਜੂਦ ਹੈ। 1837 ਈ: ਨੂੰ ਕਲਕੱਤਾ ਤੋਂ ਪ੍ਰਕਾਸ਼ਤ ਹੋਈ।

ਇਸ ਵਿੱਚ ਬੰਦਾ ਬਹਾਦਰ ਤੇ ਸਾਥੀਆਂ ਬਾਰੇ, ਸਰਹਿੰਦ ਦੇ ਆਸ-ਪਾਸ ਮੁਸਲਮਾਨਾਂ ਨੇ ਸਿੱਖ ਧਰਮ ਗ੍ਰਹਿਣ ਕੀਤਾ ਆਦਿ ਦਾ ਜ਼ਿਕਰ ਹੈ।

***ਪ੍ਰਵਾਨਜਾਤ ਸਰਦਾਰ ਚਤਰ ਸਿੰਘ ਅਟਾਰੀ ਵਾਲਾ-ਵਾ-ਦੀਗਰ ਸਰਦਾਰਨ***-ਸਰਦਾਰ ਚਤਰ ਸਿੰਘ ਅਟਾਰੀ ਵਾਲਾ, ਲਿਖਤੀ, ਖਕਅ,

ਇਸ ਵਿੱਚ ਪਹਿਲੀ ਤੇ ਦੂਜੀ ਅੰਗਰੇਜ਼-ਸਿੱਖ ਜੰਗਾਂ ਦਾ ਵਰਨਣ ਹੈ। ਬਹੁਤ ਸਾਰੇ ਮੁਖੀ ਸਰਦਾਰਾਂ ਦਾ ਵੀ ਜ਼ਿਕਰ ਹੈ।

